ੴ

# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਮੁੱਲ : 10 ਰੁਪਏ    ਮਈ, 1996



ਆਨਰੇਰੀ ਸੰਪਾਦਕ
**ਡਾ. ਜਾਗੀਰ ਸਿੰਘ**

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 5 ਸਾਲ ਅੱਠਵਾਂ ਮਈ 1996


ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਪ੍ਰਿਥਮ ਭਗਉਤੀ ਸਿਮਰ ਕੈ
- ਡਾ. ਜਸਵੰਤ ਸਿੰਘ ਨੇਕੀ 4

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦਾ ਇਤਿਹਾਸ
- ਸ੍ਰ. ਦਲੀਪ ਸਿੰਘ 7

ਜਪੁਜੀ ਸਰਬੋਤਮ ਕਿਰਤ
- ਸ੍ਰ ਬੰਤ ਸਿੰਘ 9

Devotional Music Archives 11

ਸੰਗੀਤ ਸਿੱਖਿਆ ਜਗਤ ਵਿੱਚ ਤਾਲ ਰਤਨ
ਦਾ ਯੋਗਦਾਨ - ਗੋਪਾਲ ਸਿੰਘ ਦਰਦੀ 14

ਵਾਦਨ ਸੰਗੀਤ ਪਰਿਚੈ - ਤਬਲਾ
- ਵਿਜੈ ਅਰੋੜਾ 16

ਤਾਲ ਰੂਪਕ - ਉਸਤਾਦ ਸੁਰਜੀਤ ਸਿੰਘ 20

ਸੰਗੀਤ ਲਿਪੀ ਚਿੰਨ੍ਹ 21

ਸੁਰ ਲਿਪੀ - ਰਾਗ ਗਉੜੀ
-ਪ੍ਰੋ: ਤਾਰਾ ਸਿੰਘ 22

ਸੁਰ ਲਿਪੀ - ਰਾਗ ਆਸਾ
-ਸੰਤ ਸਰਵਣ ਸਿੰਘ 23

ਨੋਟੇਸ਼ਨ-ਵਾਲੇ ਸ਼ਬਦਾਂ ਦੇ ਅਰਥ
- ਪ੍ਰੋ ਸਾਹਿਬ ਸਿੰਘ 24



**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

**ਸਹਿਯੋਗੀ**

ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ. ਜੋਤਿੰਦਰ ਸਿੰਘ ਸੋਹਲ
ਸ੍ਰ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ੍ਰ. ਕੇ. ਐਸ. ਚੁਘ

**ਚਿੱਤਰਕਾਰ**

ਗੁਰਦੀਪ ਸਿੰਘ ਦੀਪ



**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10/- |
| ਸਲਾਨਾ | 100/- |
| ਜੀਵਨ ਮੈਂਬਰ | 1000/- |
| ਵਿਦੇਸ਼ ਸਲਾਨਾ | 500/- |
| ਜੀਵਨ ਮੈਂਬਰ | 5000.- |

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨੁ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452



**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 5000 |
| ਕਵਰ ਦੇ ਅੰਦਰਲੇ ਪੰਨੇ | 3000 |
| ਸਧਾਰਨ ਪੂਰਾ ਪੰਨਾ | 2000 |
| ਸਧਾਰਨ ਅੱਧਾ ਪੰਨਾ | 1000 |
| ਸਧਾਰਨ ਚੌਥਾਈ ਪੰਨਾ | 500 |

■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।


■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮਿਤ੍ਰ ਅਸਾਡੜੇ ਸੇਈ .....

✦ 'ਅੰਮ੍ਰਿਤ ਕੀਰਤਨ' ਤੋਂ ਬਹੁਤ ਸਾਰੇ ਪਾਠਕ ਸੰਗੀਤ ਬਾਰੇ - ਕੀਰਤਨ ਬਾਰੇ, ਕੀਰਤਨੀ ਜਥਿਆਂ ਬਾਰੇ ਵਡਮੁਲੀ ਜਾਣਕਾਰੀ ਪ੍ਰਾਪਤ ਕਰ ਰਹੇ ਹਨ। 'ਅੰਮ੍ਰਿਤ ਕੀਰਤਨ' ਵਿਚ 'ਕੀਰਤਨ ਸੰਕਟ ਵਿੱਚ ਹੈ', 'ਦੰਦ ਅਤੇ ਕੀਰਤਨ', ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੇ ਰਾਗੀ ਜਥੇ ਬਾਰੇ ਲੇਖਾਂ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਬਹੁਤ ਸਾਰੇ ਕੀਰਤਨੀਏ ਸੱਜਣ 'ਅੰਮ੍ਰਿਤ ਕੀਰਤਨ' ਵਿੱਚ ਦਿੱਤੀਆਂ ਨੋਟੇਸ਼ਨਾਂ ਤੋਂ ਲਾਭ ਲੈਂਦੇ ਹਨ ਅਤੇ 'ਅੰਮ੍ਰਿਤ ਕੀਰਤਨ' ਵੱਲੋਂ ਗੁਰਬਾਣੀ ਕੀਰਤਨ ਦੇ ਖੇਤਰ ਵਿੱਚ ਪਾਏ ਜਾਂਦੇ ਯੋਗਦਾਨ ਬਾਰੇ ਸ਼ਲਾਘਾ ਕਰਦੇ ਹਨ।

ਸੁਲਤਾਨਪੁਰ ਲੋਧੀ — ਗਿ: ਅਜੀਤ ਸਿੰਘ ਵੈਦਰਾਜ

✦ 'ਅੰਮ੍ਰਿਤ ਕੀਰਤਨ' ਲਈ ਛੇਤੀ ਹੀ ਲੇਖ ਭੇਜਾਂਗਾ। ਇਸ ਸਮੇਂ ਗੁਰਮਤ ਸੰਗੀਤ ਦਾ ਮਿਆਰ ਬਹੁਤ ਡਾਵਾਂ ਡੋਲ ਹਾਲਤ ਵਿੱਚ ਹੈ ਇਸ ਨੂੰ ਉਚਾ ਚੁਕਣ ਲਈ ਕਰੜੀ ਘਾਲਣਾ ਘਾਲਣੀ ਪਵੇਗੀ। ਕੇਵਲ ਬੇਨਤੀਆਂ ਕਰਨ ਨਾਲ ਗੱਲ ਨਹੀਂ ਬਣਨੀ। ਗੁਰਮਤ ਸੰਗੀਤ ਦੇ ਚੰਗੇ ਜਾਣੂ ਵਿਦਵਾਨ ਸੱਜਣਾਂ ਦੀ ਪਹਿਲਾਂ ਇੱਕ ਕਮੇਟੀ ਬਣਾਉ ਅਤੇ ਇੱਕ-ਦੋ ਐਸੀਆਂ ਮੀਟਿੰਗਾਂ ਕਰਾਓ ਜਿਹਨਾਂ ਵਿੱਚ ਗੁਰਮਤਿ ਸੰਗੀਤ ਦੀ ਬੇਹਤਰੀ ਲਈ ਕੋਈ ਠੋਸ ਕਦਮ ਪੁਟਿਆ ਜਾ ਸਕੇ।

ਨਵੀਂ ਦਿਲੀ — ਪ੍ਰਿੰਸੀਪਲ ਦਿਆਲ ਸਿੰਘ
ਗੁਰਮਤ ਵਿਦਿਆਲਾ ਗੁ: ਰਕਾਬ ਗੰਜ

✦ 'ਅੰਮ੍ਰਿਤ ਕੀਰਤਨ' ਪ੍ਰਕਾਸ਼ਿਤ ਕਰਨ ਦਾ ਆਪ ਦਾ ਉਦੱਮ ਸ਼ਲਾਘਾ ਯੋਗ ਹੈ। ਇਸ ਮਾਸਕ ਪੱਤਰ ਦੁਆਰਾ ਕੀਰਤਨ ਦਾ ਚੰਗਾ ਪ੍ਰਚਾਰ ਹੋ ਸਕੇਗਾ। ਅੱਜਕਲ੍ਹ ਦੇ ਰਾਗੀ ਸਿੰਘ ਜਿਨ੍ਹਾਂ ਨੇ ਆਪਣੇ ਕੀਰਤਨ ਵਿੱਚ ਫਿਲਮੀ ਰੰਗ ਲੈ ਆਂਦਾ ਹੈ ਉਹਨਾਂ ਨੂੰ ਹਲੂਣਾ ਮਿਲੇਗਾ ਅਤੇ ਗੁਰੂ ਘਰ ਵਿੱਚ ਜੋ ਕੀਰਤਨ ਦੀ ਪੁਰਾਤਨ ਮਰਯਾਦਾ ਹੈ ਉਹ ਦੁਬਾਰਾ ਚੜ੍ਹਦੀ ਕਲਾ ਵਿੱਚ ਹੋਵੇਗੀ।

ਚੀਮਾ ਸਾਹਿਬ — ਉਸਤਾਦ ਸੁਰਜੀਤ ਸਿੰਘ
ਅਕਾਲ ਗੁਰਮਤ ਸੰਗੀਤ ਵਿਦਿਆਲਾ
ਗੁਰਦੁਆਰਾ ਜਨਮ ਅਸਥਾਨ ਚੀਮਾ

✦ ਤੁਸੀਂ 'ਅੰਮ੍ਰਿਤ ਕੀਰਤਨ' ਰਾਹੀਂ ਕੀਰਤਨ ਪ੍ਰੇਮੀਆਂ ਤੇ ਕੀਰਤਨ ਸਿਖਿਆਰਥੀਆਂ ਨੂੰ ਜੋ ਅਮਲੀ ਦਾਤ ਵੰਡ ਰਹੇ ਹੋ ਪ੍ਰਸ਼ੰਸਾ ਯੋਗ ਹੈ। ਜੋ ਪੁਰਾਤਨ ਗੁਰੂ ਕੇ ਕੀਰਤਨੀਆਂ ਬਾਰੇ ਹਰ ਮਹੀਨੇ ਜਾਣਕਾਰੀ ਪ੍ਰਾਪਤ ਕਰਵਾ ਰਹੇ ਹੋ ਬਹੁਤ ਹੀ ਦੁਰਲਭ ਹੈ। ਗੁਰੂ ਮਹਾਰਾਜ ਆਪ ਨੂੰ ਸਮਰਥਾ ਬਖਸ਼ਣ ਆਪ ਇਸੇ ਤਰ੍ਹਾਂ ਸੇਵਾ ਕਰਦੇ ਰਹੋ।

ਮੁਹਾਲੀ — ਸ੍ਰ. ਗੁਰਚਰਨ ਸਿੰਘ
ਦਸ਼ਮੇਸ਼ ਖਾਲਸਾ ਪਬਲਿਕ ਸਕੂਲ

✦ 'ਅੰਮ੍ਰਿਤ ਕੀਰਤਨ' ਦੇ ਮਾਰਚ ਅੰਕ ਵਿੱਚ 'ਅਨਹਦ-ਬਾਣੀ', 'ਸਿਖ ਅਰਦਾਸ ਦੀ ਵਿਸ਼ੇਸ਼ਤਾ' ਅਤੇ ਨੋਟੇਸ਼ਨਾਂ ਪਸੰਦ ਆਈਆਂ। ਗੁਰਬਾਣੀ ਦਾ ਫੁਰਮਾਨ ਹੈ 'ਕੀਰਤਨ ਨਿਰਮੋਲਕ ਹੀਰਾ'। ਗੁਰੂ ਸਾਹਿਬ ਨੇ ਕੀਰਤਨ ਨੂੰ ਵੀ ਹੀਰਾ ਅਤੇ ਮਨੁੱਖੀ ਜਨਮ ਨੂੰ ਵੀ ਹੀਰਾ ਆਖਿਆ ਹੈ। ਮਨੁਖੀ ਜਨਮ ਨੂੰ ਸੁਆਰਨ ਲਈ ਹੀਰੇ ਦੀ ਹੀ ਲੋੜ ਪੈਂਦੀ ਹੈ। ਹੀਰੇ ਨੂੰ ਹੀਰਾ ਹੀ ਤਰਾਸ਼ਦਾ ਹੈ। 'ਅੰਮ੍ਰਿਤ ਕੀਰਤਨ' ਇਸ ਨਿਰਮੋਲ ਹੀਰੇ ਦਾ ਪ੍ਰਚਾਰ ਕਰ ਰਿਹਾ ਹੈ। ਵਾਹਿਗੁਰੂ ਚੜ੍ਹਦੀ ਕਲਾ ਬਖਸ਼ੇ।

ਮਲੋਟ — ਮੰਗਤ ਸਿੰਘ 'ਮਸਤਾਨਾ'
ਮਸਤਾਨਾ ਮਿਊਜ਼ਿਕ ਟਰੇਨਿੰਗ ਕਾਲਜ

✦ 'ਅੰਮ੍ਰਿਤ ਕੀਰਤਨ' ਸਾਡੀ ਜਾਣਕਾਰੀ ਵਿਚ ਵਾਧਾ ਕਰਨ ਵਾਲਾ ਮੈਗਜ਼ੀਨ ਹੈ।

ਜਲੰਧਰ — ਰਵਜੋਧ ਸਿੰਘ

✦ 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

ਲੁਧਿਆਣਾ — ਸੁਰਿੰਦਰ ਕੌਰ

✦ 'ਅੰਮ੍ਰਿਤ ਕੀਰਤਨ' ਮੈਗਜ਼ੀਨ ਨੂੰ ਸੰਗਤਾਂ ਪਸੰਦ ਕਰਦੀਆਂ ਹਨ। ਭੇਜਦੇ ਰਹਿਣਾ।

ਲੁਧਿਆਣਾ — ਗੁਰਦੀਪ ਸਿੰਘ, ਲਾਇਬਰੇਰੀਅਨ
ਗੁ: ਦੂਖ ਨਿਵਾਰਨ ਸਾਹਿਬ

✦ 'ਅੰਮ੍ਰਿਤ ਕੀਰਤਨ' ਸੰਗੀਤ ਅਤੇ ਕੀਰਤਨ ਪ੍ਰੇਮੀਆਂ ਲਈ ਅਮੁਲ ਤੋਹਫਾ ਹੈ।

ਕੁਰੂਕਸ਼ੇਤਰ — ਡਾ: ਜਸਵੰਤ ਸਿੰਘ, ਪੀ.ਐਚ.ਡੀ

✦ 'ਅੰਮ੍ਰਿਤ ਕੀਰਤਨ' ਸਮੇਂ ਸਿਰ ਮਿਲ ਰਿਹਾ ਹੈ ਅਤੇ ਜਾਣਕਾਰੀ ਵਿੱਚ ਵਾਧਾ ਕਰ ਰਿਹਾ ਹੈ।

ਜਲੰਧਰ ਸ਼ਹਿਰ — ਸਰਦਾਰਨੀ ਇਕਬਾਲ ਕੌਰ

✦ ਗੁਰਬਾਣੀ ਕੀਰਤਨ ਦਾ ਪੱਧਰ ਉਚਾ ਚੁਕਣ ਲਈ 'ਅੰਮ੍ਰਿਤ ਕੀਰਤਨ' ਸ਼ਲਾਘਾ ਯੋਗ ਜਤਨ ਕਰ ਰਿਹਾ ਹੈ।

ਲੁਧਿਆਣਾ — ਰਣਜੋਧ ਸਿੰਘ

'ਅੰਮ੍ਰਿਤ ਕੀਰਤਨ' ਰਸਾਲਾ ਪ੍ਰਕਾਸ਼ਤ ਕਰਨ ਦਾ ਉਦਮ ਸ਼ਲਾਘਾ ਯੋਗ ਹੈ।

ਅੰਬਾਲਾ ਸ਼ਹਿਰ — ਪ੍ਰੋ: ਕਿਸ਼ਨ ਸਿੰਘ

✦ 'ਅੰਮ੍ਰਿਤ ਕੀਰਤਨ' ਪੜ੍ਹ ਕੇ ਅਨੰਦ ਅਤੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਚੰਦਾ ਭੇਜ ਰਹੇ ਹਾਂ।

ਮਿਸਜ਼ ਜੀ.ਕੇ. ਸੰਧੂ

✦ 'ਅੰਮ੍ਰਿਤ ਕੀਰਤਨ' ਵਿੱਚ ਅੰਗਰੇਜ਼ੀ ਦੇ ਲੇਖ ਵਧੇਰੇ ਦਿਆ ਕਰੋ।

ਮੁਹਾਲੀ — ਕਰਨਲ ਬਲਜੀਤ ਸਿੰਘ

ਕੇਹਰੂ ਪੰਨਤੀਆ...

# ਆਪਨੜੇ ਗਿਰੀਵਾਨ ਮਹਿ

ਅੱਜ ਕਲ੍ਹ ਜਦੋਂ ਵੀ ਕਿਸੇ ਭੈੜ ਦੀ ਗੱਲ ਹੁੰਦੀ ਹੈ ਤਾਂ ਹਰ ਕੋਈ ਕਿਸੇ ਦੂਜੇ ਦਾ ਕਸੂਰ ਕੱਢਦਾ ਹੈ । ਹਰ ਕੋਈ ਇਹ ਸੋਚਦਾ ਹੈ ਕਿ ਜਦੋਂ ਉਸ ਦੇ ਹੱਥ ਵੱਸ ਹੀ ਕੁਝ ਨਹੀਂ ਤਾਂ ਉਹ ਕਿਸੇ ਬੁਰਾਈ ਦਾ ਜ਼ਿੰਮੇਵਾਰ ਕਿਵੇਂ ਹੋ ਸਕਦਾ ਹੈ । ਜਦੋਂ ਅਸੀਂ ਕਿਤੇ ਕੋਈ ਕੁਤਾਹੀ ਹੁੰਦੀ ਵੇਖਦੇ ਹਾਂ ਤਾਂ ਉਸ ਵੱਲ ਧਿਆਨ ਦੇਣਾ ਜਾਂ ਦੁਆਉਣਾ ਆਪਣਾ ਫਰਜ਼ ਨਹੀਂ ਸਮਝਦੇ । ਇਹ ਕਹਿ ਕੇ - ਅੱਜ ਕਲ੍ਹ ਇੰਜ ਹੀ ਹੁੰਦਾ ਹੈ..... ਕੌਣ ਕਿਸੇ ਦੀ ਸੁਣਦਾ ਹੈ ..... ਜਾਂ ਜੋ ਕਰਨਗੇ ਸੋ ਭਰਨਗੇ ਤੂ ਕਿਉ ਭਇਆ ਉਦਾਸ..... ਅਤੇ ਆਪਣੇ ਆਪ ਨੂੰ ਦੋਸ਼ ਮੁਕਤ ਕਰ ਲੈਂਦੇ ਹਾਂ ।

ਪਰ ਕੁਦਰਤ ਦਾ ਕਾਨੂੰਨ ਇੰਜ ਨਹੀਂ ਚਲਦਾ । ਸਜ਼ਾ ਸਭ ਨੂੰ ਭੁਗਤਣੀ ਪੈਂਦੀ ਹੈ । ਜੇ ਕਿਸੇ ਬਸ ਦਾ ਡਰਾਈਵਰ ਸ਼ਰਾਬ ਪੀ ਕੇ ਬਸ ਚਲਾਉਂਦਾ ਹੈ ਤਾਂ ਸਜ਼ਾ ਸਾਰੀਆਂ ਸਵਾਰੀਆਂ ਨੂੰ ਮਿਲ ਸਕਦੀ ਹੈ । ਇਹ ਠੀਕ ਹੈ ਕਿ ਉਹ ਲੋਕ ਜਿਹਨਾਂ ਦੇ ਹੱਥ ਦੇਸ਼ ਦੀ ਵਾਗਡੋਰ ਹੈ ਆਪਣੇ ਫਰਜ਼ਾਂ ਤੋਂ ਖੁੰਝੇ ਹੋਏ ਲਗਦੇ ਹਨ । ਪਰ ਅਸੀਂ ਵੀ ਤਾਂ ਉਹਨਾਂ ਦੀਆਂ ਖਾਮੀਆਂ ਨੂੰ ਨਜ਼ਰ ਅੰਦਾਜ਼ ਕਰੀ ਜਾਂਦੇ ਹਾਂ । ਅਸਲ ਵਿਚ ਹਰ ਸ਼ਖਸ ਆਪਣੀ ਆਪਣੀ ਥਾਂਵੇ ਬਾਦਸ਼ਾਹ ਹੈ । ਇਹ ਵੱਖਰੀ ਗੱਲ ਹੈ ਕਿਸੇ ਦੀ ਬਾਦਸ਼ਾਹਤ ਛੋਟੀ ਹੁੰਦੀ ਹੈ ਤੇ ਕਿਸੇ ਦੀ ਵੱਡੀ । ਇਸ ਲਈ ਹਰ ਕੋਈ ਪਹਿਲਾਂ ਆਪਣਾ ਪ੍ਰਬੰਧ ਠੀਕ ਕਰੇ । ਆਪਣਾ ਘਰ, ਆਪਣਾ ਆਲਾ ਦੁਆਲਾ, ਜਿਥੇ ਉਹ ਕੰਮ ਕਰਦਾ ਹੈ । ਜਿਹੜੇ ਉਸ ਦੇ ਨੇੜਲੇ ਸਰੋਕਾਰ ਹਨ, ਉਹਨਾਂ ਬਾਰੇ ਸੁਚੇਤ ਹੋਵੇ ।

ਮਿਸਾਲ ਵਜੋਂ ਅੱਜ ਕਲ੍ਹ ਹਰ ਕੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਲੋਚਨਾ ਕਰਦਾ ਹੈ ਕਿ ਗੁਰਦੁਆਰਿਆਂ ਦਾ ਪ੍ਰਬੰਧ ਠੀਕ ਨਹੀਂ, ਧਰਮ ਪ੍ਰਚਾਰ ਲਈ ਕੋਈ ਠੋਸ ਉਪਰਾਲਾ ਨਹੀਂ ਹੋ ਰਿਹਾ, ਕੀਰਤਨ ਦਾ ਮਿਆਰ ਬਹੁਤ ਨੀਵਾਂ ਹੋ ਗਿਆ ਹੈ। ਪਰ ਇਹ ਅਸੀਂ ਕੇਵਲ ਜ਼ਬਾਨੀ ਆਖੀ ਜਾਂਦੇ ਹਾਂ । ਆਪਣੇ ਵਿਚਾਰਾਂ ਨੂੰ ਸਹੀ ਦਿਸ਼ਾ ਵਿੱਚ ਪ੍ਰਗਟ ਨਹੀਂ ਕਰਦੇ। ਕਈ ਵਾਰੀ ਤਾਂ ਗੱਲ ਕੇਵਲ ਸਾਧਾਰਣ ਪੱਤਰ ਲਿਖਣ ਦੀ ਹੁੰਦੀ ਹੈ। ਅੱਜ ਦੇ ਯੁੱਗ ਵਿੱਚ ਬਿਨਾਂ ਦਿਸ਼ਾ ਗੱਲਾਂ-ਬਾਤਾਂ ਉਤਨਾ ਅਸਰ ਨਹੀਂ ਰੱਖਦੀਆਂ ਜਿਤਨਾ ਚਿੱਠੀਆਂ। ਇਸ ਲਈ ਚਾਹੀਦਾ ਹੈ ਕਿ ਜਿਥੇ ਵੀ ਬੁਰਾਈ ਵੇਖੀਏ ਉਹ ਲਿਖ ਕੇ ਸੰਬੰਧਤਾਂ ਦੇ ਧਿਆਨ ਵਿੱਚ ਲਿਆਈਏ।

ਪਿੱਛੇ ਜਿਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹ ਕਮੇਟੀ ਦੀ ਇੱਕ ਮੀਟਿੰਗ ਹੋਈ । ਇਸ ਵਿੱਚ ਕਾਫੀ ਵਿਦਵਾਨ ਅਤੇ ਸੁਹਿਰਦ ਸੱਜਣ ਸ਼ਾਮਲ ਹੋਏ। ਉਥੇ ਹੋਰ ਮਸਲਿਆਂ ਤੋਂ ਇਲਾਵਾ ਗੁਰਬਾਣੀ ਕੀਰਤਨ ਦੇ ਸਰੂਪ ਬਾਰੇ ਵੀ ਚਰਚਾ ਛੇੜੀ ਗਈ।

ਸਮੂਹ ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਅਜਿਹੇ ਕੀਰਤਨੀਆਂ ਨੂੰ ਉਤਸਾਹਤ ਨਾ ਕਰਨ ਜਿਹੜੇ ਫਿਲਮੀ ਤਰਜ਼ਾ ਉਤੇ ਅਤੇ ਕੱਚੀ ਬਾਣੀ ਦਾ ਕੀਰਤਨ ਕਰਦੇ ਹਨ । ਨਾਲ ਹੀ ਜਿਹੜੇ ਕੀਰਤਨੀਏ ਨਿਰਧਾਰਤ ਮਰਯਾਦਾ ਅਨੁਸਾਰ ਕੀਰਤਨ ਕਰਦੇ ਹਨ ਉਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾ ਵੱਲੋਂ ਵੱਧ ਤੋਂ ਵੱਧ ਉਤਸ਼ਾਹ ਤੇ ਸਨਮਾਨ ਮਿਲਣਾ ਚਾਹੀਦਾ ਹੈ।

ਇਸ ਤੋਂ ਬਿਨਾ ਇੱਕ ਇਕੱਤਰਤਾ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਦਿੱਲੀ ਵਿਖੇ ਕਰਵਾਈ ਗਈ। ਇਸ ਵਿੱਚ ਪੁਰਾਤਨ ਅਤੇ ਨਵੀਨ ਕੀਰੱਤਨੀਆਂ ਦੇ ਮਿਆਰੀ ਕੀਰਤਨ ਦੀ ਸੰਭਾਲ ਲਈ ਜ਼ੋਰ ਦਿੱਤਾ ਗਿਆ । ਬੈਂਕ ਵੱਲੋਂ ਇਸ ਸੰਬੰਧੀ ਜਲੰਧਰ ਵਿਖੇ ਇੱਕ ਮਿਊਜ਼ੀਅਮ ਲਗਭਗ ਤਿਆਰ ਹੈ। ਇਸ ਵਿੱਚ ਕੀਰਤਨ ਸੁਣਨ ਅਤੇ ਰਿਕਾਰਡ ਕਰਵਾਉਣ ਦੀ ਵਿਵਸਥਾ ਵੀ ਹੋਵੇਗੀ।

ਇਹ ਸਾਰੇ ਯਤਨ ਕੀਰਤਨ ਪ੍ਰਤੀ ਜਾਗਰੂਕ ਲੋਕਾਂ ਦੇ ਨਿਸ਼ਚਿਤ ਦਿਸ਼ਾ ਵਿੱਚ ਵਿਚਾਰ-ਵਟਾਂਦਰੇ ਦਾ ਫਲ ਹਨ ।

ਆਓ ਇਕ ਯਤਨ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਸਾਰਿਤ ਹੋ ਰਹੇ ਕੀਰਤਨ ਨੂੰ ਹੋਰ ਮਿਆਰੀ ਅਤੇ ਸੁਹਾਵਣਾ ਬਣਾਉਣ ਲਈ ਕਰੀਏ। ਤੁਸੀਂ ਸਾਨੂੰ ਕਿਸੇ ਖਾਸ ਦਿਨ ਦੇ ਕੀਰਤਨ ਬਾਰੇ ਆਪਣੇ ਵਿਚਾਰ ਭੇਜੋ। ਇਹ ਚੰਗੀ ਗੱਲ ਹੈ ਕਿ ਇਸ ਕੀਰਤਨ ਵਿੱਚ ਕਿਸੇ ਰਾਗੀ ਜਥੇ ਦਾ ਨਾਮ ਪਤਾ ਨਹੀਂ ਚਲਦਾ। ਇਸ ਲਈ ਵਿਚਾਰ ਕੇਵਲ ਕੀਰਤਨ ਬਾਰੇ ਹੋਣਗੇ । ਇਹ ਵਿਚਾਰ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ :
ਮਿਤੀ/ ਸਮਾਂ/ ਕਿਹੜੇ ਕਿਹੜੇ ਸ਼ਬਦ ਗਾਏ ਗਏ/ ਕਿਹੜੇ ਸ਼ਬਦ ਰਾਗਾਂ ਵਿੱਚ ਸਨ/ ਕਿਹੜੇ ਸ਼ਬਦ ਸਾਧਾਰਨ ਰੀਤਾਂ ਦੇ ਸਨ/ਕੀ ਕੋਈ ਸ਼ਬਦ ਨਿਰਧਾਰਤ ਰਾਗ ਵਿੱਚ ਵੀ ਗਾਇਆ ਗਿਆ/ ਕੋਈ ਸ਼ਬਦ ਫਿਲਮੀ ਤਰਜ਼ ਤੇ ਤਾਂ ਨਹੀਂ ਗਾਇਆ ਗਿਆ/ ਕੀ ਸ਼ਬਦ ਗਾਇਨ ਵੇਲੇ ਸਥਾਈ ਰਹਾਉ ਦੀਆਂ ਤੁਕਾਂ ਨੂੰ ਬਣਾਇਆ ਗਿਆ/ ਕੀਰਤਨ ਵਿੱਚ ਸੁਰ, ਤਾਲ ਗੁਰਬਾਣੀ ਦੇ ਉਚਾਰਣ ਦੀ ਸਪਸ਼ਟਤਾ, ਸਾਜ਼ ਭਾਰੂ ਤਾਂ ਨਹੀਂ ਸਨ ਆਦਿ। ਤੁਹਾਡੀ ਚਿੱਠੀ ਅਸੀਂ ਪ੍ਰਕਾਸ਼ਿਤ ਕਰਾਂਗੇ। ਇਸ ਨਾਲ ਚੰਗਾ ਕੀਰਤਨ ਕਰਨ ਵਾਲਿਆਂ ਦਾ ਉਤਸ਼ਾਹ ਵਧੇਗਾ ਅਤੇ ਬਾਕੀ ਦੇ ਸੁਚੇਤ ਹੋਣਗੇ। ਆਪ ਜੀ ਇਤਨਾ ਤਾਂ ਕਰ ਹੀ ਸਕਦੇ ਹੋ...... ।

# ਪ੍ਰਿਥਮ ਭਗਉਤੀ ਸਿਮਰ ਕੈ

ਡਾ. ਜਸਵੰਤ ਸਿੰਘ ਨੇਕੀ

**ੴ ਵਾਹਿਗੁਰੂ ਜੀ ਕੀ ਫਤਹ ।**
**ਸ੍ਰੀ ਭਗਉਤੀ ਜੀ ਸਹਾਇ ।**
**ਵਾਰ ਸ੍ਰੀ ਭਗਉਤੀ ਜੀ ਕੀ । ਪਾਤਸ਼ਾਹੀ ੧੦ ।**
**ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ ।**
**ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈ ਸਹਾਇ ।**
**ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਇ ।**
**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਇ ।**
**ਤੇਗ ਬਹਾਦਰ ਸਿਮਰੀਐ ਘਰਿ ਨਉ ਨਿਧਿ ਆਵੈ ਧਾਇ ।**
**ਸਭ ਥਾਈਂ ਹੋਇ ਸਹਾਇ ।੧।** *-ਚੰਡੀ ਵਾਰ, ੧.*

ਸਿਖ ਅਰਦਾਸ ਦੀ ਉਪਰੋਕਤ ਆਰੰਭਕ ਪਉੜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਭਗਉਤੀ ਕੀ ਵਾਰ (ਅਥਵਾ ਚੰਡੀ ਵਾਰ) ਦੀ ਪਹਿਲੀ ਪਉੜੀ ਹੈ । ਇਸ ਨੂੰ ਉਥੋਂ ਲੈ ਕੇ ਅਰਦਾਸ ਵਿਚ ਮੰਗਲਾਚਰਨ ਦੇ ਰੂਪ ਵਿਚ ਸ਼ਾਮਲ ਕੀਤਾ ਗਿਆ ਹੈ । 'ਭਗਉਤੀ ਕੀ ਵਾਰ' ਨੂੰ , ਜਿੱਥੋਂ ਇਹ ਪਉੜੀ ਲਈ ਗਈ ਹੈ, 'ਦੁਰਗਾ ਪਾਠ' ਦਾ ਖੁਲ੍ਹਾ ਅਨੁਵਾਦ ਮੰਨਿਆ ਗਿਆ ਹੈ । ਇਸ ਵਾਰ ਵਿਚ ਦੁਰਗਾ ਦੀ ਦੈਂਤਾਂ ਨਾਲ ਹੋਈ ਲੜਾਈ ਦਾ ਵਰਣਨ ਹੈ । ਇਸੇ ਪ੍ਰਕਾਰ ਦੀਆਂ, ਅਪੂਰਬ ਸੂਰਬੀਰਤਾ ਦੇ ਵਰਣਨ ਵਾਲੀਆਂ ਕਈ ਹੋਰ ਪੌਰਾਣਕ ਕਥਾਵਾਂ ਨੂੰ ਵੀ ਦਸਮ ਪਾਤਸ਼ਾਹ ਨੇ ਸਿੰਘਾਂ ਅੰਦਰ ਸੂਰਮਗਤੀ ਦੀ ਪ੍ਰੇਰਨਾ ਜਗਾਉਣ ਹਿਤ ਸਮੇਂ ਦੀ ਪ੍ਰਚਲਿਤ ਸਾਹਿਤਕ ਬੋਲੀ ਵਿਚ ਅਨੁਵਾਦ ਕੀਤਾ, ਕਰਵਾਇਆ । ਇਹ ਵਾਰ ਵੀ ਐਸੀ ਹੀ ਪ੍ਰੇਰਨਾ ਜਗਾਉਣ ਦੇ ਇਰਾਦੇ ਨਾਲ ਅਨੁਵਾਦੀ ਗਈ ਜਾਪਦੀ ਹੈ ।

ਇਹ ਵਾਰ ਕਾਵਿ-ਰਚਨਾ ਹੈ । ਕਾਵਿ ਅੰਦਰ ਇੱਕੋ ਸ਼ਬਦ ਨੂੰ ਕਈ ਅਰਥਾਂ ਵਿਚ ਵਰਤ ਕੇ ਭਾਸ਼ਾ ਦੀ ਬਹੁਪਰਤਤਾ ਉਜਾਗਰ ਕਰਨਾ ਕਾਵਿ ਦਾ ਵਿਸ਼ੇਸ਼ ਗੁਣ ਵੀ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ ਸ਼ੈਲੀ ਵੀ । ਵਾਰ ਦੇ ਮੰਗਲ "ੴ ਵਾਹਿਗੁਰੂ ਜੀ ਕੀ ਫਤਹ । ਸ੍ਰੀ ਭਗਉਤੀ ਜੀ ਸਹਾਇ" ਵਿਚ 'ਭਗਉਤੀ' ਪਦ ਦੇ ਅਰਥ ਇੱਕੋ ਵੇਲੇ 'ਖੜਗ' ਵੀ ਹਨ ਤੇ 'ਅਕਾਲ ਪੁਰਖ' ਵੀ । ਇਸ ਵਾਰ ਦਾ ਸਿਰਲੇਖ ਹੈ 'ਵਾਰ ਸ੍ਰੀ ਭਗਉਤੀ ਜੀ ਕੀ' । ਇਸ ਵਿਚ ਆਏ ਭਗਉਤੀ ਪਦ ਦੇ ਅਰਥ ਆਮ ਤੌਰ ਤੇ 'ਦੁਰਗਾ' ਕੀਤੇ ਜਾਂਦੇ ਹਨ । ਇਸ ਦਾ ਸਿੱਧਾ ਕਾਰਨ ਇਹ ਜਾਪਦਾ ਹੈ ਕਿ ਇਸ ਵਾਰ ਵਿਚ ਦੁਰਗਾ ਦੇ ਦੈਂਤਾਂ ਨਾਲ ਕੀਤੇ ਜੁੱਧ ਦਾ ਵਰਣਨ ਹੈ । ਪਰ, ਜੇ ਗਹੁ ਨਾਲ ਸੋਚੀਏ ਤਾਂ ਇਹ ਵਾਰ ਉਸ 'ਸ੍ਰੀ ਭਗਉਤੀ' ਦੀ ਹੈ ਜਿਸ ਦੀ ਭਾਰੀ ਵਰਜਾਗਨਤਾ ਸਾਰੀ ਵਾਰ ਵਿੱਚ ਓਤ ਪੋਤ ਪਰਗਟ ਹੈ । ਵਾਰ ਦੇ ਅੰਦਰ ਹੀ ਇਸ ਦਾ ਪ੍ਰਮਾਣ ਮੌਜੂਦ ਹੈ :

**ਲਈ ਭਗਉਤੀ ਦੁਰਗਸਾਹ ਵਰਜਾਗਨਿ ਭਾਰੀ ।**
**ਲਾਈ ਰਾਜੈ ਸੁੰਭ ਨੋ ਰਤੁ ਪੀਐ ਪਿਆਰੀ ।**

*-ਚੰਡੀ ਵਾਰ ੫੩:੨*

ਇਥੇ ਦੁਰਗਾ ਨੇ ਜੋ ਭਗਉਤੀ (=ਖੜਗ) ਪਕੜੀ ਹੈ, ਇਹ ਵਾਰ ਉਸੇ ਮਹਾ ਵਰਜਾਗਨ 'ਸ੍ਰੀ ਭਗਉਤੀ ਜੀ' ਦੀ ਵਾਰ ਹੈ। ਇਸ ਵਸਦੇ ਰਸਦੇ ਸੰਸਾਰ ਵਿੱਚ ਇਸ ਦਾ ਸਿਰਜਣਹਾਰ ਬੇ-ਹਰਕਤ ਹੋ ਕੇ ਨਹੀਂ ਵਿਚਰ ਰਿਹਾ । ਉਹ ਤਾਂ ਹਰਥੇ, ਹਰ ਸਮੇਂ 'ਸੰਤ ਉਬਾਰਨ, ਦੁਸ਼ਟ ਉਪਾਰਨ' ਦੇ ਆਹਰ ਵਿੱਚ ਰੁਝਾ ਹੋਇਆ ਹੈ। ਉਸ ਦੀ ਤਲਵਾਰ ਦੀ ਲਿਸ਼ਕ ਹਰਥੇ ਵੱਜਦੀ ਹੈ । ਇਹ ਮਹਾ-ਵਰਦਾਤੀ, ਮਹਾ-ਬਿਜਲਈ, ਮਹਾ -ਸ਼ਕਤੀਸ਼ਾਲੀ ਸ਼ਮਸ਼ੀਰ ਉਸ ਦੇ ਆਪਣੇ 'ਧਰਮ-ਨਿਆਂ' ਦੀ ਖੜਗ ਹੈ, ਉਸ ਦੇ ਆਪਣੇ 'ਬਿਰਦ' ਦੀ ਤੇਗ ਹੈ, ਉਸ ਦੀ ਆਪਣੀ ਕੁਦਰਤ, ਆਪਣੇ ਗੁਣ, ਆਪਣੇ ਸੁਭਾ ਦੀ ਭਗਉਤੀ ਹੈ । ਇਹ ਉਸੇ 'ਸ੍ਰੀ ਭਗਉਤੀ ਜੀ' ਦੀ ਵਾਰ ਹੈ ।

ਵਾਹਿਗੁਰੂ ਨੂੰ ਸ਼ਾਸਤ੍ਰਾਂ ਦੇ ਨਾਮ ਨਾਲ ਸਿਮਰਨ ਦੀ ਸ਼ੈਲੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਨਵੇਕਲੀ ਤੇ ਵਿਸ਼ੇਸ਼ ਮੌਲਕ ਸ਼ੈਲੀ ਵੀ ਹੈ । 'ਨਮਸਕਾਰ ਸ੍ਰੀ ਖੜਗ ਕੋ', "ਸਰਬ ਲੋਹ ਕੀ ਰਛਾ ਹਮਨੈ, ਸਰਬ ਕਾਲ ਜੀ ਕੀ ਰਛਿਆ ਹਮਨੈ", ਸ੍ਰੀ ਅਸਧੁਜ ਜੀ ਕਰੀਅਹੁ ਰੱਛਾ, ਸਾਹਿਬ ਸ੍ਰੀ ਸਭ ਕੋ ਸਿਰਨਾਇਕ ਆਦਿ ਜੈਸੇ ਸ੍ਰੀ ਮੁਖਵਾਕ ਇਸੇ ਧਾਰਨਾ ਦੇ ਪ੍ਰਮਾਣ ਹਨ । ਇਹਨਾਂ ਵਾਕੰਸ਼ਾਂ ਵਿੱਚ ਆਏ 'ਖੜਗ', 'ਸਰਬ ਲੋਹ', 'ਅਸਧੁਜ', 'ਸਾਹਿਬ ਸ੍ਰੀ' (=ਸ੍ਰੀ ਸਾਹਿਬ) ਪਦ ਸਭ ਅਕਾਲ ਪੁਰਖ ਦੇ ਹੀ ਲਖਾਇਕ ਹਨ, ਤੇ ਉਸੇ ਦੀ ਮਹਾਨ ਰਛਿਆ ਤੇ ਸਹਾਇਤਾ ਦੀ ਯਾਚਨਾ ਹਿਤ ਵਰਤੇ ਗਏ ਹਨ । ਐਸੀ ਵਿਲੱਖਣ ਸ਼ੈਲੀ ਮੋਈ ਹੋਈ ਕੌਮ ਨੂੰ ਸੁਰਜੀਤ ਕਰਨ ਲਈ ਦਰਕਾਰ ਸੀ । ਐਸੀ ਪ੍ਰਕਿਰਿਆ ਲਈ ਅਕਾਲ ਪੁਰਖ ਨੂੰ 'ਸਰਬ ਲੋਹ' ਰੂਪ ਵਿੱਚ ਸੰਕਲਪਨਾ ਬੜਾ ਜ਼ਰੂਰੀ ਸੀ । ਇਹ ਪਰਿਪੇਖ ਦ੍ਰਿੜ੍ਹ ਹੋ ਜਾਵੇ ਤਾਂ ਸ਼ਸਤਰਾਂ ਦੇ ਨਾਮ ਨਾਲ ਵਾਹਿਗੁਰੂ ਨੂੰ ਚਿਤਵਨ ਦਾ ਅਰਥ ਸਹਿਜੇ ਹੀ ਸਮਝ ਆ ਜਾਂਦਾ ਹੈ । ਜਿਸ ਦੇ ਅਪਾਰ ਭਰੋਸੇ ਦੀ ਸ਼ਰਨ ਵਿਚ ਸਤਿਗੁਰਾਂ ਆਪਣੀ ਉਮੱਤ ਨੂੰ ਪਾਉਣਾ ਸੀ, ਉਸ ਨੂੰ 'ਕਾਲਿ ਕ੍ਰਿਪਾਨ' ਕਰਕੇ ਨਿਰੂਪਣਾ ਕੁਦਰਤੀ ਸੀ । ਜਿਸ ਵਾਹਿਗੁਰੂ ਦੀ ਫਤਹ ਬੁਲਾਉਣੀ ਸੀ, ਉਸ ਨੂੰ ਖੰਡਾ-ਖੜਗ ਕਰਕੇ ਯਾਦ ਕਰਨਾ ਸੁਭਾਵਕ ਸੀ :

**ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ ।**
**ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ।**
**ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ।**
**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ।**

*- ਬਚਿਤ੍ਰ ਨਾਟਕ ੧/੨*

ਜਿਹੜੀ ਤੇਗ ਵਲ ਇਸ ਛੰਦ ਵਿਚ ਸੰਕੇਤ ਹੈ, ਉਭਰਨਹਾਰ, ਪ੍ਰਤਿਪਾਲਣਹਾਰ ਉਹ ਤੇਗ ਲੋਹੇ ਦਾ ਸ਼ਸਤ੍ਰ ਨਹੀਂ ਰਹਿ ਜਾਂਦੀ, ਅਕਾਲ ਪੁਰਖ ਦੀ ਅਪਾਰ ਕਲਾ ਹੋ ਕੇ ਭਾਸਦੀ ਹੈ ।

ਭਗਉਤੀ ਕੀ ਵਾਰ ਦੀ ਦੂਜੀ ਪਉੜੀ ਵਿਚ ਹੀ ਭਗਉਤੀ ਪਦ ਦਾ ਅਸਲ ਪ੍ਰਯਾਯ ਸਪਸ਼ਟ ਹੋ ਜਾਂਦਾ ਹੈ । ਜਿਸ ਭਗਉਤੀ ਨੂੰ ਸਿਮਰ ਕੇ ਇਹ ਵਾਰ ਅਰੰਭੀ ਗਈ, ਉਸ ਨੂੰ ਇਸ ਪਉੜੀ ਵਿਚ ਇਉਂ ਨਿਰੂਪਿਆ ਗਿਆ ਹੈ :

**ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ ।**
**ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ।**
**ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨ ਰਹਾਇਆ ।**
**ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ।**
**ਤੈਂ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸ ਕਰਾਇਆ ।**
**ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰੁ ਘਾਇਆ ।**
**ਤੈਥੋਂ ਹੀ ਬਲੁ ਕ੍ਰਿਸਨੁ ਲੈ ਕੰਸੁ ਕੇਸੀ ਪਕੜ ਗਿਰਾਇਆ ।**
**ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ।**
**ਕਿਨੀ ਤੇਰਾ ਅੰਤੁ ਨ ਪਾਇਆ ।**

*-ਵਾਰ ਸ੍ਰੀ ਭਗਉਤੀ ਜੀ ਕੀ. ੨*

ਸਪਸ਼ਟ ਹੈ ਇਹ ਸਿਫਤ ਕੇਵਲ ਅਕਾਲ ਪੁਰਖ ਦੀ ਹੈ, ਕਿਸੇ ਦੁਰਗਾ-ਭਵਾਨੀ ਦੀ ਨਹੀਂ ।

ਵਾਹਿਗੁਰੂ ਨੂੰ ਸ਼ਸਤ੍ਰਾਂ ਦੇ ਨਾਮ ਨਾਲ ਸਿਮਰਨ ਵਿਚ ਕੀ ਰਮਜ਼ ਹੈ ? ਦਰਅਸਲ ਵਾਹਿਗੁਰੂ ਸੁਧਾ ਅਸਤਿਤਵ (=ਸਤਿ) ਹੈ, ਸੁਧਾ ਸਾਰ (=ਨਾਮ) ਹੈ । ਅਸਤਿਤਵ-ਸਾਰ (ਸਤਿਨਾਮ) ਹੀ ਉਸਦਾ ਸਿੱਧਾ ਅਸੰਕੇਤਕ ਪਰਾ ਪੁਰਬਲਾ ਵਰਣਨ ਹੈ। ਇਸ ਤੋਂ ਬਾਦ ਜੋ ਕੁਝ ਵੀ ਵਾਹਿਗੁਰੂ ਬਾਰੇ ਕਿਹਾ ਜਾਵੇ, ਉਹ ਉਸਦਾ ਸਿਫਾਤੀ ਨਾਮ (ਕਿਰਤਮ ਨਾਮ) ਹੈ । ਵਾਹਿਗੁਰੂ ਬਾਰੇ ਕਿਸੇ ਪ੍ਰਕਾਰ ਦਾ ਸਾਕਾਰ ਚਿੰਤਨ ਕੇਵਲ ਸੰਕੇਤਕ ਹੀ ਹੋ ਸਕਦਾ ਹੈ, ਕਿਉਂਜੁ ਅਸੀਮ ਦਾ ਸਸੀਮ ਚਿੰਤਨ ਅਨੁਭਵ ਦੇ ਕਿਸੇ ਭਾਗ ਦੀ ਸੰਕੇਤਕ ਵਰਤੋਂ ਰਾਹੀਂ ਹੀ ਸੰਭਵ ਹੈ । ਭਾਵੇਂ ਅਸੀਮ ਇਸ ਭਾਗ ਨੂੰ ਆਪਣੇ ਅੰਦਰ ਸਮੋਈ ਵੀ ਬੈਠਾ ਹੁੰਦਾ ਹੈ, ਉਹ ਇਸ ਤੋਂ ਭਾਵਾਤੀਤ ਵੀ ਹੁੰਦਾ ਹੈ । ਸਿਖ ਵਿਚਾਰਧਾਰਾ ਵਿਚ ਜੋ ਮੁਖ ਪ੍ਰਤੀਕ ਵਾਹਿਗੁਰੂ ਲਈ ਵਰਤਿਆ ਗਿਆ ਹੈ ਉਹ ਸ਼ਬਦ ਜਾਂ ਨਾਮ ਦਾ ਪ੍ਰਤੀਕ ਹੈ । ਦੂਜਾ ਪ੍ਰਤੀਕ ਜੋ ਇਸ ਤੋਂ ਵੀ ਵਧੇਰੇ ਸਮੂਰਤ ਹੈ, ਉਹ 'ਸ੍ਰੀ ਸਾਹਿਬ' ਜਾਂ 'ਭਗਉਤੀ' ਹੈ । ਚੇਤੇ ਰਖਣ ਵਾਲੀ ਗੱਲ ਇਹ ਹੈ ਕਿ ਹਰ ਪ੍ਰਤੀਕ ਦਾ ਭਾਵਾਰਥ ਪ੍ਰਤੀਕੀਕ੍ਰਿਤ ਵਸਤੂ ਰਾਹੀਂ ਸਕਾਰਿਆ ਵੀ ਜਾਂਦਾ ਹੈ, ਨਕਾਰਿਆ ਵੀ ਜਾਂਦਾ ਹੈ । ਪ੍ਰਸ਼ਨ ਉਠਦਾ ਹੈ : ਕੀ ਸਸੀਮ ਦਾ ਵੀ ਭਾਗ ਅਸੀਮ ਦਾ ਭਾਵ-ਵਾਚਕ ਹੋ ਸਕਦਾ ਹੈ ? ਉੱਤਰ ਹੈ : ਹੋ ਸਕਦਾ ਹੈ, ਕਿਉਂਜੁ ਅਸੀਮ ਸੁਧਾ ਅਸਤਿਤਵ ਹੈ, ਤੇ ਹਰੇਕ ਵਸਤ ਇਸ ਸੁਧੇ ਅਸਤਿਤਵ ਦਾ ਅੰਗ ਹੈ । ਇਸ ਨਾਤੇ ਵਾਹਿਗੁਰੂ ਲਈ ਖੜਗ ਜਾਂ ਭਗਉਤੀ ਜਹੇ ਪ੍ਰਤੀਕਾਂ ਦੀ ਵਰਤੋਂ ਸੰਭਵ ਹੀ ਨਹੀਂ, ਸਗੋਂ ਸੱਚ ਵੀ ਹੈ । ਕਿਸੇ ਧਾਰਮਕ ਪ੍ਰਤੀਕ ਦਾ ਸੱਚ ਉਸ ਵਿਚਲੇ ਇੰਦਰਿਆਵੀ ਯਥਾਰਥ ਨਾਲ ਸੰਬੰਧਤ ਨਹੀਂ ਹੁੰਦਾ । ਇਸ ਵਿਚਲਾ ਸੱਚ ਇਸ ਲਈ ਸੱਚ ਹੁੰਦਾ ਹੈ ਕਿਉਂਕਿ ਉਹ ਦੈਵੀ ਗਿਆਨ ਦਾ ਮਾਧਿਅਮ ਬਣਦਾ ਹੈ । ਇਸੇ ਲਈ ਧਾਰਮਕ ਪ੍ਰਤੀਕ ਦੋਧਾਰੀ ਹੁੰਦੇ ਹਨ । ਇਕ ਪਾਸੇ ਉਸ ਅਸੀਮ ਨਾਲ ਜੁੜਦੇ ਹਨ ਜਿਸਦੇ ਇਹ ਪ੍ਰਤੀਕ ਹੁੰਦੇ ਹਨ; ਦੂਜੇ ਪਾਸੇ ਸਸੀਮ ਨਾਲ, ਜਿਸ ਰਾਹੀਂ ਇਹ ਪ੍ਰਤੀਕੀਕਰਣ ਦੇ ਸਮਰੱਥ ਹੁੰਦੇ ਹਨ । 'ਭਗਉਤੀ' ਪ੍ਰਤੀਕ ਪਾਸ ਵੀ ਇਹ ਦੂਹਰੀ ਸਮਰੱਥਾ ਮੌਜੂਦ ਹੈ । ਇਕ ਪਾਸੇ ਇਹ ਵਾਹਿਗੁਰੂ ਦੀ ਸਰਬ ਸ਼ਕਤੀਮਾਨਤਾ, ਨਿਆਇ ਪੂਰਨਤਾ, ਖੰਡਨਸ਼ੀਲਤਾ ਨਾਲ ਜੁੜਦੀ ਹੈ ਤਾਂ ਦੂਜੇ ਪਾਸੇ ਮਨੁੱਖੀ ਨਿਡਰਤਾ, ਸੂਰਮਗਤੀ ਤੇ ਆਤਮ-ਨਿਰਭਰਤਾ ਨਾਲ ਰਿਸ਼ਤਾ ਗੰਢਦੀ ਹੈ । ਇਉਂ 'ਭਗਉਤੀ' ਉਹ ਧਾਰਮਕ ਪ੍ਰਤੀਕ ਹੈ ਜੋ ਇਕੋ ਵੇਲੇ ਖੜਗ ਵੀ ਹੈ, ਤੇ ਖੜਗਧਾਰੀ ਵੀ - ਤੇ ਖੜਗ ਉਹ ਦੈਵੀ ਖੜਗ ਹੈ ਜੋ ਕ੍ਰਿਪਾ ਦੀ ਵਾਹਨ (ਕ੍ਰਿਪਾਨ) ਹੈ, ਤੇ ਖੜਗਧਾਰੀ ਉਹ 'ਸ੍ਰੀ ਅਸਕੇਤ' ਹੈ ਜਿਸ ਨੂੰ ਸਤਿਗੁਰਾਂ 'ਜਗਤ ਕੇ ਈਸਾ ' ਕਿਹਾ ਹੈ ।

ਭਗਉਤੀ ਕੀ ਵਾਰ ਵਿਚ ਦੁਰਗਾ ਨੇ ਸ੍ਰੀ ਭਗਉਤੀ ਜੀ ਦੀ ਸਹਾਇਤਾ ਨਾਲ ਵੱਡੇ ਵੱਡੇ ਉਹਨਾਂ ਦੈਂਤਾਂ ਦਾ ਸੰਘਾਰ ਕੀਤਾ ਜੋ ਸੁਰਾਂ ਨੂੰ ਦੁਖ ਪੁਚਾ ਰਹੇ ਸਨ । ਗਹੁ ਨਾਲ ਇਹਨਾਂ ਦੈਂਤਾ ਦੇ ਨਾਵਾਂ ਬਾਰੇ ਵਿਚਾਰ ਕੀਤਿਆਂ ਇਸ ਵਾਰ ਦਾ ਸੰਕੇਤਕ ਮਹੱਤਵ ਹੋਰ ਵੀ ਉਜਾਗਰ ਹੋ ਆਉਂਦਾ ਹੈ । ਇਨ੍ਹਾਂ ਤਿੰਨਾਂ ਵੱਡੇ ਦੈਂਤਾਂ ਦੇ ਨਾਮ ਹਨ : ਰਕਤ-ਬੀਜ, ਲੋਚਨ-ਧੂਮ ਤੇ ਮਹਿਖਾਸੁਰ । ਰਕਤ-ਬੀਜ ਐਸਾ ਦੈਂਤ ਸੀ ਜਿਸ ਦੇ ਲਹੂ ਦੀ ਇਕ ਇਕ ਬੂੰਦ ਵਿਚੋਂ ਨਵੇਂ ਦੈਂਤ ਪੈਦਾ ਹੋ ਖੜੋਂਦੇ ਸਨ । ਇਹ ਗੁਣ ਤਾਂ ਕਾਮਦੇਵ ਦਾ ਹੈ ਜਿਸ ਦੇ ਬਿੰਦ ਬਿੰਦ 'ਚੋਂ ਨਵੇਂ ਜੀਵ ਪੈਦਾ ਹੁੰਦੇ ਹਨ । ਇਉਂ ਰਕਤ-ਬੀਜ ਕਾਮ ਦਾ ਲਖਾਇਕ ਹੈ-ਉਹ ਕਾਮ ਜੋ ਸਾਡੇ ਹੀ ਅੰਦਰ ਹੁਰਲ ਹੁਰਲ ਕਰਦਾ ਫਿਰਦਾ ਹੈ । ਲੋਚਨ -ਧੂਮ ਉਹ ਦੈਂਤ ਸੀ ਜਿਸ ਦੀਆਂ ਅੱਖਾਂ ਵਿਚੋਂ ਧੂੰਆਂ ਅਥਵਾ ਅੱਗ ਨਿਕਲਦੀ ਹੈ । ਇਹ ਲੱਛਣ ਤਾਂ ਕ੍ਰੋਧ ਦਾ ਹੈ-ਉਹ ਕ੍ਰੋਧ ਜੋ ਸਾਡੀਆਂ ਹੀ

ਅੱਖਾਂ ਵਿਚੋਂ ਅੱਗ ਬਣ ਕੇ ਨਿਕਲਦਾ ਹੈ। ਮਹਿਖਾਸੁਰ ਉਹ ਦੈਂਤ ਹੈ, ਝੋਟੇ ਵਰਗਾ ਜਿਸ ਦਾ ਸੁਭਾ ਹੈ – ਜੋ ਅਗਿਆਨੀ ਵੀ ਹੈ, ਤੇ ਧੂੱਸਾਂ ਵੀ ਮਾਰਦਾ ਫਿਰਦਾ ਹੈ। ਇਹ ਸਾਡਾ ਆਪਣਾ ਅਗਿਆਨ ਹੀ ਤਾਂ ਹੈ ਜਿਸ ਨਾਲ ਅਸੀਂ ਥਾਂ ਪਰ ਥਾਂ ਤਾਮਸੀ ਧੂੱਸਾਂ ਮਾਰਦੇ ਵੱਤਦੇ ਹਾਂ। ਇਉਂ ਇਹ ਤਿੰਨੇ ਦੈਂਤ, ਮਨੁੱਖੀ ਆਚਰਨ ਦੇ ਤਿੰਨ ਵੱਡੇ ਅਉਗੁਣਾਂ ਦੇ ਲਖਾਇਕ ਹਨ। ਇਹਨਾਂ ਸ਼ਤਰੂਆਂ ਦੇ ਸੰਘਾਰ ਲਈ ਸ੍ਰੀ ਭਗਉਤੀ ਜੀ ਦੀ ਸਹਾਇਤਾ ਮੰਗ ਕੇ ਅਰਦਾਸ ਅਰੰਭਣੀ, ਆਪਣੀ ਅਰਦਾਸ ਨੂੰ ਇਕ ਉਦਾਤ ਨੈਤਿਕ ਸਤਰ ਤੇ ਸਥਾਪਿਤ ਕਰਨਾ ਹੈ।

ਵਾਹਿਗੁਰੂ ਦੇ ਜਿਸ 'ਨਿਰਭਉ' ਰੂਪ ਦੀ ਅਰਾਧਨਾ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਵਿਚ ਕੀਤੀ, 'ਭਗਉਤੀ' ਦੇ ਪ੍ਰਤੀਕ ਰਾਹੀਂ ਉਸੇ ਦਾ ਮੰਗਲਾਚਰਨ ਗੁਰੂ ਗੋਬਿੰਦ ਸਿੰਘ ਜੀ ਨੇ ਭਗਉਤੀ ਕੀ ਵਾਰ ਵਿਚ ਕੀਤਾ। ਗੁਰੂ ਨਾਨਕ ਦਾ 'ਨਿਰਭਉ ਨਿਰੰਕਾਰ' ਹੀ 'ਸ੍ਰੀ ਭਗਉਤੀ', 'ਸ੍ਰੀ ਸਾਹਿਬ', 'ਕਾਲਿ ਕ੍ਰਿਪਾਨ' ਆਦਿ ਜਹੇ ਸਾਕਾਰ ਪ੍ਰਤੀਕਾਂ ਰਾਹੀਂ ਰੂਪਮਾਨ ਹੋਇਆ। 'ਸ੍ਰੀ ਭਗਉਤੀ' ਦੇ ਰੂਪ ਵਿਚ ਉਹੀ ਸਾਡੀ ਅਰਦਾਸ ਵਿਚ ਵੀ ਸ਼ਾਮਲ ਹੋਏ ਤੇ ਸਾਡੇ ਨਿਸ਼ਾਨ ਸਾਹਿਬਾਂ ਉਪਰ ਸੁਸ਼ੋਭਤ ਹੋ ਕੇ ਸਾਡੀ ਕੌਮੀ ਪ੍ਰਤੀਕ ਵੀ ਬਣ ਗਏ।

ਇਕ ਰਮਜ਼ ਹੋਰ ਵੀ 'ਭਗਉਤੀ' ਪਦ ਵਿਚ ਨਿਹਿਤ ਹੈ, ਜੋ ਇਸ ਨੂੰ ਹੋਰ ਸ਼ਸਤ੍ਰਾਂ ਦੇ ਨਾਵਾਂ ਤੋਂ ਨਿਖੇੜ ਕੇ ਖੜਾ ਕਰਦੀ ਹੈ। ਭਗਉਤੀ ਪਦ ਇਕੋ ਵੇਲੇ ਸ਼ਕਤੀ ਦਾ ਵੀ ਲਖਾਇਕ ਹੈ (ਲਈ ਭਗਉਤੀ ਦੁਰਗਸ਼ਾਹ ਵਰਜਾਗਣ ਭਾਰੀ) ਤੇ ਭਗਤੀ ਦਾ ਵੀ (ਭਗਉਤੀ ਭਗਵੰਤ ਭਗਤਿ ਕਾ ਰੰਗੁ – ਗਉੜੀ ਮ: ੫, 274/10)। ਇਸ ਲਈ ਭਗਉਤੀ ਨੂੰ ਸਿਮਰਨਾ ਭਗਤੀ ਤੇ ਸ਼ਕਤੀ ਦੀ ਸੰਮਿਲਤ ਭਾਵਨਾ ਨਾਲ ਵਾਹਿਗੁਰੂ ਨੂੰ ਅਰਾਧਣਾ ਹੈ। ਇਉਂ ਸਿਖ ਅਰਦਾਸ ਦਾ ਪਹਿਲਾ ਵਾਕੰਸ਼ ਹੀ ਸਿਖ ਵਿਚਾਰਧਾਰਾ ਦੇ ਕੇਂਦਰੀ ਰਹੱਸ ਨੂੰ ਮੂਰਤੀਮਾਨ ਕਰਦਾ ਹੈ।■

(ਸਿੰਘ ਬ੍ਰਦਰਜ਼, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਪੁਸਤਕ- ਅਰਦਾਸ: ਦਰਸ਼ਨ, ਰੂਪ ਅਭਿਆਸ ਵਿੱਚੋਂ ਧੰਨਵਾਦ ਸਹਿਤ)

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦਾ ਇਤਿਹਾਸ

ਸ੍ਰ. ਦਲੀਪ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਇਕ ਅਦੁੱਤੀ ਗ੍ਰੰਥ ਹੈ। ਇਸ ਵਿਚ ਭਿੰਨ -ਭਿੰਨ ਪ੍ਰਾਂਤਾਂ, ਜਾਤਾਂ, ਵਰਨਾਂ, ਧਰਮਾਂ ਦੇ ਵਿਅਕਤੀਆਂ ਦੀ ਪਵਿੱਤਰ ਬਾਣੀ ਦਰਜ ਹੈ। ਇਸ ਦੀ ਰਚਨਾ ਦਾ ਵੀ ਵਿਲੱਖਣ ਇਤਿਹਾਸ ਹੈ। ਇਸ ਦਾ ਅਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ ਅਤੇ ਸੰਪੂਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਆਪਣੀ ਕਿਤਾਬ "ਆਦਿ ਬੀੜ ਬਾਰੇ" ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਜੀ ਆਪ ਹੀ ਆਪਣੀ ਅਤੇ ਹੋਰ ਸੰਤਾਂ - ਭਗਤਾਂ ਜਿਹਨਾਂ ਨਾਲ ਗੁਰੂ ਜੀ ਦਾ ਮੇਲ ਹੋਇਆ -ਦੀ ਸਾਰੀ ਬਾਣੀ ਲਿਖ ਕੇ ਆਪਣੇ ਪਾਸ ਸਾਂਭਦੇ ਗਏ ਸਨ। ਜੋਤੀ ਜੋਤਿ ਸਮਾਉਣ ਸਮੇਂ ਗੁਰੂ ਅੰਗਦ ਦੇਵ ਜੀ ਉਹਨਾਂ ਦੇ ਪਾਸ ਹੀ ਸਨ। ਸਤਿਗੁਰੂ ਜੀ ਨੇ ਆਪਣੀ ਸਾਰੀ ਬਾਣੀ ਦੀ ਪੋਥੀ ਅਤੇ ਉਹਨਾਂ ਵਲੋਂ ਇਕੱਠੀ ਕੀਤੀ ਹੋਈ ਭਗਤ ਬਾਣੀ ਜੋ ਨਾਲ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦੇ ਦਿੱਤੀ ਸੀ। ਉਹਨਾਂ ਤੋਂ ਬਾਅਦ ਇਹ ਬਾਣੀ ਗੁਰੂ ਅਮਰਦਾਸ ਜੀ ਨੂੰ ਮਿਲੀ ਸੀ, ਤੇ ਇਸ ਤੋਂ ਪ੍ਰੇਰਨਾਂ ਲੈ ਕੇ ਇਨ੍ਹਾਂ ਨੇ ਆਪ ਭੀ ਬਾਣੀ ਰਚੀ। ਪਹਿਲੇ ਗੁਰੂ ਵਿਅਕਤੀਆਂ ਦੀ ਬਾਣੀ ਸਮੇਤ ਇਹ ਬਾਣੀ ਉਹਨਾਂ ਨੇ ਗੁਰੂ ਰਾਮ ਦਾਸ ਜੀ ਦੇ ਹਵਾਲੇ ਕੀਤੀ ਸੀ। ਇਸ ਤਰ੍ਹਾਂ ਇਹ ਸਿਲਸਿਲੇ ਵਾਰ ਹਰੇਕ ਗੁਰੂ ਵਿਅਕਤੀ ਦੀ ਸਾਰੀ ਬਾਣੀ ਗੁਰੂ ਅਰਜਨ ਸਾਹਿਬ ਤੱਕ ਅੱਪੜ ਗਈ।

-ਗੁਰੂ ਅੰਗਦ ਦੇਵ ਜੀ ਨੇ ਗੁਰੂ ਗੱਦੀ ਤੇ ਬੈਠਣ ਤੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਅਤੇ ਜੀਵਨੀ ਲਿਖਵਾਈ ਅਤੇ ਸਾਹਿਤ ਅਤੇ ਬਾਣੀ ਨੂੰ ਸੁਰੱਖਿਅਤ ਕਰਨ ਲਈ ਗੁਰਮੁਖੀ ਲਿਪੀ ਨੂੰ ਪ੍ਰਚਲਤ ਕੀਤਾ। ਆਪ ਨੇ ਸਲੋਕ ਹੀ ਰਚੇ ਹਨ ਜੋ ਗਿਣਤੀ ਵਿਚ 63 ਹਨ।

-ਗੁਰੂ ਅਮਰਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਵਖ-ਵਖ ਰਾਗਾਂ ਦੇ 907 ਸ਼ਬਦਾਂ ਵਿਚ ਦਰਜ ਹੈ। ਇਹ ਸੈਂਚੀਆਂ ਦੇ ਰੂਪ ਵਿਚ ਲਿਖਵਾਈ ਸੀ, ਜੋ ਉਹਨਾਂ ਦੇ ਸਾਹਿਬਜ਼ਾਦੇ ਬਾਬਾ ਮੋਹਨ ਜੀ ਦੇ ਪਾਸ ਸੀ।

-ਗੁਰੂ ਰਾਮ ਦਾਸ ਜੀ ਨੇ ਬਹੁਤ ਸਾਰੇ ਰਾਗਾਂ ਵਿਚ ਲਗਭਗ 679 ਸ਼ਬਦ ਉਚਾਰੇ ਹਨ। ਛੰਤ ਉਹਨਾਂ ਦੀ ਚੋਣਵੀ ਕ੍ਰਿਤ ਹੈ। ਆਪ ਜੀ ਦੀ ਸਮੁੱਚੀ ਬਾਣੀ ਦਾ ਵਿਸ਼ਾ ਪ੍ਰੇਮ ਅਤੇ ਨਿਮਰਤਾ ਹੈ।

-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ, ਆਪਣੀ, ਗੁਰੂ ਘਰ ਦੇ ਨਿਕਟਵਰਤੀ ਅਤੇ 15 ਹਿੰਦੂ ਮੁਸਲਮਾਨ ਭਗਤਾਂ ਦੀਆਂ ਮਨੋਹਰ ਰਚਨਾਵਾਂ ਨੂੰ ਬੜੀ ਖੋਜ ਪੜਤਾਲ ਮਗਰੋਂ ਇਕੱਤਰ ਕਰਕੇ ਸੁਚੱਜੇ ਢੰਗ ਨਾਲ ਤਰਤੀਬ ਦੇ ਕੇ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਉਹ ਜਾਣਦੇ ਸਨ ਕਿ ਆਉਣ ਵਾਲੀਆਂ ਨਸਲਾਂ ਦੀ ਅਗਵਾਈ ਵਾਸਤੇ ਸਾਰੀ ਹੀ ਬਾਣੀ ਦਾ ਸੰਗ੍ਰਹਿ ਕਿਸੇ ਐਸੀ ਸ਼ਕਲ ਵਿਚ ਕਾਇਮ ਕਰਨਾ ਜ਼ਰੂਰੀ ਹੈ ਜੋ ਰਹਿੰਦੀ ਦੁਨੀਆਂ ਤੱਕ ਨਿਰੋਲ ਸ਼ਕਲ ਵਿੱਚ ਟਿਕਿਆ ਰਹੇ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਆਰੰਭ ਕਰਨ ਸਮੇਂ ਜਪੁਜੀ ਸਾਹਿਬ ਦਾ ਮੂਲ ਮੰਤਰ ਪੰਚਮ ਪਾਤਸ਼ਾਹ ਨੇ ਆਪਣੇ ਕਰ ਕਮਲਾਂ ਨਾਲ ਲਿਖਿਆ ਅਤੇ ਬਾਕੀ ਬੀੜ ਦੇ ਲਿਖਾਰੀ ਭਾਈ ਗੁਰਦਾਸ ਜੀ ਸਨ, ਜੋ ਗੁਰੂ ਅਮਰਦਾਸ ਜੀ ਦੇ ਭਤੀਜੇ ਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ।

1604 ਈਸਵੀ ਨੂੰ ਰਾਮ ਸਰ ਦੇ ਕਿਨਾਰੇ ਜਦ ਆਦਿ ਗ੍ਰੰਥ ਦੀ ਲਿਖਤ ਸੰਪੂਰਨ ਹੋ ਗਈ ਤਾਂ ਇਸ ਨੂੰ ਬਾਬਾ ਬੁੱਢਾ ਜੀ ਨੇ ਸਿਰ ਤੇ ਅਸਵਾਰੀ ਕਰਵਾ ਕੇ ਹਰਿਮੰਦਰ ਸਾਹਿਬ ਜਲੂਸ ਦੀ ਸ਼ਕਲ ਵਿੱਚ ਲਿਆਂਦਾ। ਗੁਰੂ ਅਰਜਨ ਦੇਵ ਜੀ ਨੰਗੇ ਪੈਰੀਂ ਚੌਰ ਕਰਦੇ ਨਾਲ ਆਏ ਅਤੇ ਭਾਦਰੋਂ ਸੁਦੀ ਏਕਮ 1661 (ਅਗਸਤ 1604) ਨੂੰ ਉਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯਤ ਕੀਤਾ। ਆਪ ਨੇ ਸਿੱਖਾਂ ਨੂੰ ਹਦਾਇਤ ਕੀਤੀ ਕਿ ਉਹ ਇਸ ਦਾ ਪੂਰਾ ਆਦਰ ਮਾਨ ਕਰਨ। ਗੁਰੂ ਅਰਜਨ ਦੇਵ ਜੀ ਦੀ ਰਚਨਾ ਇਸ ਗ੍ਰੰਥ ਵਿਚ ਸਭ ਤੋਂ ਵਧੀਕ ਹੈ, ਜਿਸ ਦੀ ਗਿਣਤੀ 2216 ਸ਼ਬਦਾਂ ਦੇ ਨੇੜੇ ਤੇੜੇ ਹੈ ਅਤੇ 30 ਰਾਗਾਂ ਵਿਚ ਦਰਜ ਹੈ।

ਛੇਵੇਂ ਪਾਤਸ਼ਾਹ ਗੁਰੂ ਹਰ ਗੋਬਿੰਦ ਸਾਹਿਬ ਜਦੋਂ ਗੱਦੀ ਤੇ ਬਿਰਾਜਮਾਨ ਹੋਏ ਤਾਂ ਉਹਨਾਂ ਦੇ ਗਵਾਲਿਅਰ ਕਿਲ੍ਹੇ ਤੋਂ ਰਿਹਾ ਹੋਣ ਬਾਅਦ ਜਹਾਂਗੀਰ ਬਾਦਸ਼ਾਹ ਨਾਲ ਚੰਗੇ ਸੰਬੰਧ ਰਹੇ ਪਰ ਸ਼ਾਹਜਹਾਨ ਜਦੋਂ ਗੱਦੀ ਨਸ਼ੀਨ ਹੋਇਆ ਤਾਂ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਉਣ ਲਈ ਫੌਜੀ ਦਸਤਾ ਭੇਜਿਆ। ਉਸ ਵਕਤ ਗੁਰੂ ਜੀ ਬੀਬੀ ਵੀਰੋ ਦੇ ਵਿਆਹ ਵਿਚ ਰੁਝੇ ਹੋਏ ਸਨ। ਸ਼ਾਹੀ ਫੌਜਾਂ ਨੇ ਸ਼ਹਿਰ ਵਿਚ ਦਾਖਲ

ਹੋ ਕੇ ਕਾਫੀ ਲੁੱਟ ਮਾਰ ਕੀਤੀ ਅਤੇ ਗੁਰੂ ਘਰ ਦਾ ਸਮਾਨ ਵੀ ਲੁੱਟਿਆ ਪਰ ਗੁਰੂ ਜੀ ਨੇ ਪਹਿਲੋਂ ਹੀ ਆਪਣੇ ਪ੍ਰੀਵਾਰ ਦੇ ਸਾਰੇ ਮੈਂਬਰ, ਕੀਮਤੀ ਸਮਾਨ ਸਮੇਤ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਝਬਾਲ ਵਿਖੇ ਘੱਲ ਦਿੱਤਾ ਸੀ ਅਤੇ ਮਗਰੋਂ ਝਗੜੇ ਬਖੇੜੇ ਤੋਂ ਦੂਰ ਰਹਿਣ ਦੀ ਖਾਤਿਰ ਸ੍ਰੀ ਅੰਮ੍ਰਿਤਸਰ ਛੱਡ ਕੇ ਜਲੰਧਰ ਦੁਆਬੇ ਵਿਚਲੇ ਕਰਤਾਰਪੁਰ ਵਿੱਚ ਜਾ ਟਿਕੇ। ਸੰਨ 1634 ਈਸਵੀ ਨੂੰ ਗੁਰੂ ਜੀ ਪਰਿਵਾਰ ਸਮੇਤ ਕੀਰਤਪੁਰ ਆ ਗਏ। ਗੁਰੂ ਜੀ ਦੇ ਦੋ ਪੋਤਰੇ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਧੀਰ ਮੱਲ ਅਤੇ ਹਰਿ ਰਾਇ ਸਨ। ਧੀਰ ਮੱਲ ਗੁਰੂ ਘਰ ਦਾ ਵਿਰੋਧੀ ਸੀ ਅਤੇ ਵੈਰੀਆਂ ਨਾਲ ਰਹਿੰਦਾ ਸੀ। ਗੁਰੂ ਅਰਜਨ ਦੇਵ ਜੀ ਦਾ ਤਿਆਰ ਕਰਵਾਇਆ ਗ੍ਰੰਥ ਸਾਹਿਬ ਛੇਵੇਂ ਪਾਤਸ਼ਾਹ ਕਰਤਾਰ ਪੁਰ ਜਲੰਧਰ ਛੱਡ ਆਏ ਸਨ। ਕਰਤਾਰ ਪੁਰ ਛੱਡਣ ਵੇਲੇ ਧੀਰ ਮੱਲ ਅਤੇ ਉਸ ਦੀ ਮਾਤਾ ਗੁਰੂ ਜੀ ਨਾਲ ਕੀਰਤ ਪੁਰ ਨਹੀਂ ਗਏ। ਧੀਰ ਮੱਲ ਦਾ ਖਿਆਲ ਸੀ ਕਿ ਜੇ ਉਹ ਪਿਛੇ ਰਹੇਗਾ ਤਾਂ ਕਰਤਾਰ ਪੁਰ ਵਿਚਲੀ ਗੁਰੂ ਜੀ ਦੀ ਸਾਰੀ ਜਾਇਦਾਦ ਦਾ ਮਾਲਕ ਬਣ ਜਾਏਗਾ ਅਤੇ ਸ੍ਰੀ ਗ੍ਰੰਥ ਸਾਹਿਬ ਜੀ ਉਸ ਦੇ ਕਬਜ਼ੇ ਵਿਚ ਰਹੇਗਾ। ਜਿਸ ਪਾਸ ਗ੍ਰੰਥ ਸਾਹਿਬ ਹੋਏਗਾ ਉਹ ਹੀ ਗੁਰੂ ਹੋਵੇਗਾ। ਜਦੋਂ ਬਾਬਾ ਗੁਰਦਿੱਤਾ ਦਾ ਦੇਹਾਂਤ ਹੋਇਆ ਤਾਂ ਗੁਰੂ ਜੀ ਨੇ ਧੀਰ ਮੱਲ ਨੂੰ ਸੱਦ ਭੇਜਿਆ ਅਤੇ ਗ੍ਰੰਥ ਸਾਹਿਬ ਨਾਲ ਲਿਆਉਣ ਲਈ ਆਖਿਆ ਪਰ ਉਹ ਨਾ ਆਇਆ। ਇਸ ਤਰਾਂ ਇਹ ਗ੍ਰੰਥ ਸਾਹਿਬ ਧੀਰ ਮੱਲ ਦੇ ਪਰਿਵਾਰ ਪਾਸ ਕਰਤਾਰ ਪੁਰ ਹੀ ਰਹਿ ਗਿਆ ਅਤੇ ਹੁਣ ਵੀ ਉਹਨਾਂ ਦੀ ਸੰਤਾਨ ਦੇ ਕਬਜ਼ੇ ਵਿਚ ਚਲਿਆ ਆ ਰਿਹਾ ਹੈ।

ਮੁਕਤਸਰ ਦੀ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਬੋ ਕੀ ਤਲਵੰਡੀ ਪੁਜੇ ਅਤੇ ਇਸ ਦਾ ਨਾਂ ਗੁਰੂ ਜੀ ਨੇ ਦਮਦਮਾ ਰੱਖਿਆ। ਇਥੇ ਸੰਗਤਾਂ ਨੇ ਆਪ ਨੂੰ ਬੇਨਤੀ ਕੀਤੀ ਕਿ ਉਹ ਗ੍ਰੰਥ ਸਾਹਿਬ ਦੀ ਉਪਲੱਭਦੀ ਨਾ ਹੋਣ ਕਾਰਣ ਉਸ ਦਾ ਪਾਠ ਨਹੀਂ ਕਰ ਸਕਦੇ। ਦਸਵੇਂ ਪਾਤਸ਼ਾਹ ਨੂੰ ਸ੍ਰੀ ਕਰਤਾਰ ਪੁਰ ਸਾਹਿਬ ਵਾਲੀ ਆਦਿ ਬੀੜ ਨਾ ਮਿਲੀ। ਤਦ ਉਹਨਾਂ ਨੇ ਆਪਣੇ ਅਨੁਭਵ ਦੁਆਰਾ ਧੁਰ ਕੀ ਬਾਣੀ ਨੂੰ ਉਚਾਰਨ ਕੀਤਾ, ਅਤੇ ਭਾਈ ਮਨੀ ਸਿੰਘ ਤੋਂ ਲਿਖਾਈ ਕਰਵਾ ਕੇ ਬੀੜ ਤਿਆਰ ਕੀਤੀ ਜੋ ਪਹਿਲੀ ਬੀੜ ਦੇ ਬਿਲਕੁਲ ਹੂ-ਬ-ਹੂ ਸੀ। ਆਪ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਗ੍ਰੰਥ ਵਿਚ ਅੰਕਿਤ ਕਰਵਾਈ ਪਰ ਆਪਣੀ ਬਾਣੀ ਜੋ ਕਿ ਭਗਤੀ ਅਤੇ ਸ਼ਕਤੀ ਦਾ ਸੁੰਦਰ ਸੁਮੇਲ ਹੈ ਕਿਉਂ ਨਾ ਕਰਵਾਈ, ਇਸ ਬਾਰੇ ਗੁਰੂ ਮਹਾਰਾਜ ਆਪ ਹੀ ਜਾਣਦੇ ਹਨ। ਭਾਵੇਂ ਇਹਨਾਂ ਦੀ ਬਾਣੀ ਨੂੰ ਆਦਿ ਗ੍ਰੰਥ ਵਿੱਚ ਅੰਕਿਤ ਨਹੀਂ ਕੀਤਾ ਗਿਆ ਤਾਂ ਵੀ ਇਹ ਗੁਰਸਿਖਾਂ ਦੇ ਨਿਤਨੇਮ ਵਿੱਚ ਮੌਜੂਦ ਹੈ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ 7 ਅਕਤੂਬਰ 1708 ਈਸਵੀ ਵਿਚ ਗੁਰੂ ਗੱਦੀ ਸੌਂਪ ਕੇ ਅੱਗੇ ਤੋਂ ਦੇਹ ਧਾਰੀ ਗੁਰੂ ਦੀ ਪ੍ਰਥਾ ਨੂੰ ਖਤਮ ਕਰਕੇ ਸ਼ਬਦ ਗੁਰੂ ਨੂੰ ਪ੍ਰਧਾਨਤਾ ਦੇ ਦਿੱਤੀ ਅਤੇ ਆਪਣੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਟਿਕਾ ਦਿੱਤੀ।

ਆਪ ਨੇ ਸਿੱਖਾਂ ਨੂੰ ਅੱਗੇ ਤੋਂ ਹਿਦਾਇਤ ਕਰ ਦਿੱਤੀ ਕਿ ਜੇ ਕੋਈ ਪ੍ਰਮਾਤਮਾ ਨਿਰੰਕਾਰ ਅਕਾਲ ਪੁਰਖ ਵਾਹਿਗੁਰੂ ਨੂੰ ਮਿਲਣਾ ਚਾਹੇ ਤਾਂ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਚਰਣੀਂ ਲੱਗ ਕੇ ਮਿਲ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਕਿਸੇ ਇੱਕ ਕੌਮ ਦੇ ਨਹੀਂ ਹਨ, ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ ਚਹੁੰ ਵਰਨਾਂ ਲਈ ਸਾਂਝੇ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ 239 ਸਾਲ ਜੀਵਨ ਕਾਲ ਦੌਰਾਨ ਜੋ ਜੀਵਨ ਜਾਚ ਦੱਸੀ ਹੈ, ਉਹ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਸਾਰੇ ਗੁਰੂ ਸਾਹਿਬਾਨ ਇਕ ਜੋਤ ਹਨ, ਭਾਵੇਂ ਇਸ ਵਿਚ ਬਾਣੀ ਸਿਰਫ ਛੇ ਗੁਰੂ ਮਹਾਰਾਜ ਦੀ ਹੈ। ਗੁਰੂ ਘਰ ਵਿਚ ਕਿਸੇ ਨੂੰ ਵੀ ਸ਼ਖਸੀ ਗੁਰੂ ਬਣ ਬੈਠਣ ਦੀ ਆਗਿਆ ਨਹੀਂ। ਬਾਣੀ ਗੁਰੂ - ਗੁਰੂ ਹੈ ਬਾਣੀ ਦਾ ਸਿਧਾਂਤ ਹੈ। ਸਿਖ ਧਰਮ ਵਿਚ ਸ਼ਬਦ ਗੁਰੂ ਤੋਂ ਭਾਵ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਤੋਂ ਹੈ ਜਿਸ ਵਿਚ ਦਸਾਂ ਗੁਰੂਆਂ ਦੀ ਆਤਮਕ ਜੋਤ ਸਮਾਈ ਹੋਈ ਹੈ, ਇਸ ਵਿਚ ਅਦੁੱਤੀ ਸ਼ਬਦ ਸੰਗ੍ਰਹਿ ਧੁਰੋਂ ਆਈ ਖਸਮ ਕੀ ਬਾਣੀ ਹੀ ਦਰਜ ਹੈ ਜੋ ਸਮੇਂ ਸਮੇਂ ਸਿਰ ਗਿਆਨ ਵਾਨ ਮਹਾਂਪੁਰਸ਼ਾਂ, ਸੂਫੀਆਂ, ਸੰਤਾਂ, ਭਗਤਾਂ ਅਤੇ ਭੱਟਾਂ ਦੇ ਮਨ ਪ੍ਰਕਾਸ਼ ਰਾਹੀਂ ਤੱਤ ਗਿਆਨ ਦੇ ਰੂਪ ਵਿਚ ਪ੍ਰਗਟ ਹੋਈ ਹੈ।

ਪੁਰਾਣੇ ਵਕਤਾਂ ਵਿਚ ਗੁਰੂ ਕੇ ਸਿਖ ਗੁਰਬਾਣੀ ਅਤੇ ਸ਼ਸਤਰਾਂ ਨਾਲ ਬਹੁਤ ਪਿਆਰ ਕਰਿਆ ਕਰਦੇ ਸਨ ਅਤੇ ਆਪਣੇ ਹਥਿਆਰਾਂ ਵਿਚ ਬਾਣੀ ਅਤੇ ਗੁਰੂਆਂ ਦੇ ਨਾਂ ਅਕਸਰ ਉਕਰਾਉਂਦੇ ਸਨ, ਪ੍ਰਿੰਟਿੰਗ ਪ੍ਰੈਸ ਨਾ ਹੋਣ ਕਰਕੇ ਬਾਣੀ ਪੋਥੀਆਂ ਦੀ ਸ਼ਕਲ ਵਿੱਚ ਅਤੇ ਗ੍ਰੰਥ ਸਾਹਿਬ ਦੀਆਂ ਕਈ ਇਕ ਹਥ ਲਿਖਤਾਂ ਮਿਲਦੀਆਂ ਹਨ। ਪਰ ਮੌਜੂਦਾ ਦੌਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਨਾਲ ਗੁਰਦੁਆਰਾ ਸ੍ਰੀ ਰਾਮ ਸਰ ਵਿਖੇ ਚੰਗੀਆਂ ਪ੍ਰਿੰਟਿੰਗ ਮਸ਼ੀਨਾਂ ਦੁਆਰਾ ਸੋਧ ਕਰਕੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਤਿਆਰ ਹੁੰਦੀਆਂ ਹਨ ਜਿਸ ਦੀ ਉਪਲੱਭਦੀ ਹਰ ਪ੍ਰਾਣੀ ਮਾਤਰ ਤੱਕ ਸੰਭਵ ਹੋ ਸਕੀ ਹੈ। ਸ਼ੁਧ ਪਾਠ, ਅਰਥ ਬੋਧ ਬਾਰੇ ਸੂਝ, ਰਹਿਤ ਮਰਿਯਾਦਾ ਬਾਰੇ ਲੋੜੀਂਦੀ ਜਾਣਕਾਰੀ ਅਤੇ ਇਤਿਹਾਸਕ ਸਿਧਾਂਤਕ ਸੋਝੀ ਦੇਣ ਵਾਲੇ ਸਾਧਨ ਸੰਚਿਤ ਕੀਤੇ ਜਾਣ ਦੀ ਅੱਜ ਵੀ ਬਹੁਤ ਲੋੜ ਹੈ।■

# ਜਪੁਜੀ ਸਰਬੋਤਮ ਕਿਰਤ

ਸ੍ਰ. ਬੰਤ ਸਿੰਘ

ਜਪੁਜੀ ਗੁਰੂ ਨਾਨਕ ਦੇਵ ਜੀ ਦਾ ਸ਼ਾਹਕਾਰ "Master Piece" ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਸਾਰੀ ਬਾਣੀ ਉਚਾਰਨ ਕੀਤੀ ਹੈ ਪਰ ਜਪੁਜੀ ਉਨ੍ਹਾਂ ਦੀ ਸਰਬੋਤਮ ਕਿਰਤ ਹੈ । ਇਹ ਸਾਧਾਰਨ ਬਾਣੀ ਨਹੀਂ ਬ੍ਰਹਮ ਵਿਚਾਰ ਹੈ । ਇਸ ਦੀ ਸਿੱਖਿਆ ਸਮੁੱਚੀ ਮਨੁਖਤਾ ਲਈ ਹੈ । ਇਸ ਵਿੱਚ ਮਹੱਤਵਪੂਰਣ ਅਤੇ ਵਿਸ਼ੇਸ਼ ਵਿਚਾਰਧਾਰਾ ਹੈ । ਇਸ ਨੂੰ ਸਮਝਣ ਲਈ ਦਾਰਸ਼ਨਿਕ, ਅਧਿਆਤਮਕ ਅਤੇ ਨੈਤਿਕ ਅਧਿਐਨ ਦੀ ਲੋੜ ਹੈ ।

ਡਾਕਟਰ ਰਾਧਾ ਕ੍ਰਿਸ਼ਨਨ ਆਪਣੀ ਪੁਸਤਕ "Sacred Writings of the Sikhs" ਵਿੱਚ ਲਿਖਦੇ ਹਨ ਕਿ ਜਪੁਜੀ ਸਭ ਤੋਂ ਪ੍ਰਸਿੱਧ ਤੇ ਪਿਆਰੀ ਰਚਨਾ ਹੈ ।

ਮੁਨਸ਼ੀ ਜੀ ਆਪਣੀ ਪੁਸਤਕ "Appreciation of Japji" ਵਿੱਚ ਲਿਖਦੇ ਹਨ ਕਿ ਸੰਸਾਰ ਦੀਆਂ ਵਧੀਆ ਰਚਨਾਵਾਂ ਵਿਚੋਂ ਜਪੁਜੀ ਸਭ ਤੋਂ ਵਧੀਆ ਰਚਨਾ ਹੈ । ਇਹ ਗੁਰਦੇਵ ਦੀ ਸਮੂਹ ਰਚਨਾ ਵਿੱਚੋਂ ਸਭ ਤੋਂ ਵੱਧ ਪ੍ਰੀਜ ਤੇ ਪ੍ਰੇਰਨਾ-ਜਨਕ ਹੈ ।

ਗਰੀਨਲੀਜ਼ ਆਪਣੀ ਪੁਸਤਕ "Gospel of Guru Granth Sahib" ਵਿੱਚ ਲਿਖਦਾ ਹੈ ਕਿ ਇਸ ਵਿੱਚ ਗੁਰਦੇਵ ਦੀ ਸਮੁਚੀ ਸਿੱਖਿਆ ਦਾ ਤਤਸਾਰ ਸੰਚਿਤ ਹੈ । ਇਹ ਜਾਗਦਿਆਂ ਸਾਰ ਪਾਠ ਕਰਨ ਵਾਲੀ ਸਵੇਰ ਦੀ ਪ੍ਰਾਰਥਨਾ ਹੈ ।

ਸੇਸਾਦਰੀ ਆਪਣੀ ਪੁਸਤਕ "Japji and Universal Mysticism" ਵਿੱਚ ਲਿਖਦਾ ਹੈ ਕਿ ਜਪੁਜੀ ਗੁਰੂ ਜੀ ਦੀ ਸਿੱਖਿਆ ਦਾ ਖ਼ੁਲਾਸਾ ਜਾਂ ਸਾਰਾਂਸ਼ ਹੈ ।

ਪੇਨ ਆਪਣੀ ਪੁਸਤਕ "Short History of the Sikhs" ਵਿੱਚ ਲਿਖਦਾ ਹੈ ਕਿ ਜਪੁਜੀ ਆਪਣੇ ਆਪ ਵਿੱਚ ਇੱਕ ਸੰਪੂਰਨ ਭਾਸ਼ ਜਾਂ ਵਿਆਖਿਆ ਹੈ । ਗੁਰੂ ਗਰੰਥ ਸਾਹਿਬ ਦਾ ਸਭ ਤੋਂ ਪਵਿੱਤਰ ਭਾਗ ਜਪੁਜੀ ਹੈ ਜਿਸ ਨਾਲ ਇਸ ਦਾ ਅਰੰਭ ਹੁੰਦਾ ਹੈ । ਹਰ ਇੱਕ ਸਿਦਕੀ ਸਿੱਖ ਨੂੰ ਜਪੁਜੀ ਜ਼ਬਾਨੀ ਚੇਤੇ ਹੁੰਦੀ ਹੈ ਅਤੇ ਉਹ ਹਰ ਰੋਜ਼ ਸਵੇਰੇ ਇਸ ਦਾ ਪਾਠ ਕਰਦਾ ਹੈ ।

ਮੈਕਲੋਡ ਆਪਣੀ ਪੁਸਤਕ "Guru Nanak and Sikh Religion" ਵਿੱਚ ਲਿਖਦਾ ਹੈ ਕਿ ਸਭ ਸਿੱਖ ਬਾਣੀਆਂ ਵਿੱਚਾਂ ਸਭ ਤੋਂ ਮਹੱਤਵਪੂਰਨ ਗੁਰੂ ਨਾਨਕ ਸਾਹਿਬ ਦੀ ਰਚਨਾ ਜਪੁਜੀ ਹੈ ।

ਪ੍ਰੋ : ਪੂਰਨ ਸਿੰਘ ਆਪਣੀ ਪੁਸਤਕ "Japji and Guru Nanak" ਵਿੱਚ ਲਿਖਦੇ ਹਨ ਕਿ ਇਹ ਕਿੰਨੀ ਅਸਚਰਜ ਤੇ ਅਦਭੁਤ ਗੱਲ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਇਸ ਅਗੰਮੀ ਗੀਤ ਵਿੱਚ ਆਪਣਾ ਆਪ ਭਰਕੇ ਆਪਣੀ ਮੁਬਾਰਕ ਜ਼ਾਤ ਨੂੰ ਸੁਰਜੀਤ ਰੱਖਿਆ ਹੈ । ਜਿਵੇਂ ਗੀਤਾ ਹਿੰਦੂ ਧਰਮ-ਦਰਸ਼ਨ ਦਾ ਨਚੋੜ ਹੈ ਅਤੇ ਨਵੀ ਸ਼ਾਖ ਇਸਾਈ ਮਤ ਦੇ ਬੁਨਿਆਦੀ ਅਸੂਲਾਂ ਦਾ ਸਾਰ ਹੈ । ਇਸ ਤਰ੍ਹਾਂ ਹੀ ਜਪੁਜੀ ਸਿਖ ਸਿਧਾਂਤਾ ਦਾ ਕੇਂਦਰ ਹੈ ।

ਗੁਰਮਤਿ ਇਤਿਹਾਸ ਦੇ ਖੋਜੀਆਂ ਨੇ ਇਸ ਬਾਣੀ ਦੀ ਰਚਨਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਅਖੀਰੀ ਪੜਾ ਤੇ ਕਰਤਾਰਪੁਰ ਵਿੱਚ ਹੋਈ ਮੰਨੀ ਹੈ । ਇਹ ਉਨ੍ਹਾਂ ਦੇ ਜੀਵਨ ਦੇ ਤਜਰਬਿਆਂ ਦਾ ਨਚੋੜ ਹੈ । ਇਸ ਵਿੱਚ ਅੰਕਤ ਵਿਚਾਰਾਂ ਨੂੰ ਪੜ੍ਹ ਕੇ, ਸੁਣ ਕੇ ਅਤੇ ਮੰਨ ਕੇ ਸਚਿਆਰ ਹੋਣ ਦੀ ਪ੍ਰੇਰਨਾ ਮਿਲਦੀ ਹੈ । ਮਨੁਖੀ ਹਉਮੈਂ ਦੀ ਮੈਲ ਧੁਲ ਜਾਂਦੀ ਹੈ ਅਤੇ ਮਨੁੱਖ ਸੁਚੱਜਾ, ਸੁਖੀ ਅਤੇ ਮਹਾਨ ਜੀਵਨ ਬਤੀਤ ਕਰਨਾ ਅਰੰਭ ਕਰ ਦਿੰਦਾ ਹੈ ।ਸਿਖ ਇਸ ਤੋਂ ਸੇਧ ਪ੍ਰਾਪਤ ਕਰਕੇ ਜੀਵਨ ਦੇ ਸਹੀ ਮਾਰਗ ਤੇ ਚੱਲ ਪੈਂਦਾ ਹੈ । ਜਪੁਜੀ ਦੇ ਅਮਲੀ ਅਭਿਆਸ ਸਦਕਾ ਮਨੁੱਖ ਵਿੱਚ ਦੈਵੀ ਗੁਣਾਂ ਦਾ ਵਿਸ਼ਾਲ ਸੰਚਾਰ ਹੋ ਜਾਂਦਾ ਹੈ । ਇਸ ਦੀਆਂ ਅਠੱਤੀ ਪੌੜੀਆਂ ਅਧਿਆਤਮਕ ਜੀਵਨ ਦੇ ਵੱਖ ਵੱਖ ਪੜਾਵਾਂ ਨੂੰ ਉਲਾਂਘਦੀਆਂ ਹੋਈਆਂ ਆਖਰੀ ਮੰਜ਼ਿਲ ਤੀਕ ਲੈ ਅਪੜਦੀਆਂ ਹਨ ।

"ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ ।"

## ਜਪੁਜੀ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

## ਅਰਥ

੧ = ਇੱਕ, ਓਅੰ = ਬ੍ਰਹਮ, ਨਿਰੰਕਾਰ, ~ ਕਾਰ, ਇੱਕ ਰਸ, ਸਤਿਨਾਮੁ = ਹੋਂਦ ਵਾਲਾ, ਕਰਤਾ = ਕਰਨ ਵਾਲਾ, ਪੁਰਖ=ਹਰ ਥਾਂ ਵਿਆਪਕ, ਨਿਰਭਉ=ਜਿਸ ਨੂੰ ਕਿਸੇ ਦਾ ਡਰ ਨਹੀਂ, ਨਿਰਵੈਰੁ=ਜਿਸ ਨੂੰ ਕਿਸੇ ਨਾਲ ਵੈਰ ਨਹੀਂ, ਅਕਾਲ ਮੂਰਤਿ=ਨਾਸ-ਰਹਿਤ ਸਰੂਪ, ਅਜੂਨੀ=ਜੋ ਜਨਮ ਮਰਨ ਵਿੱਚ ਨਹੀਂ ਆਉਂਦਾ, ਸੈਭੰ=ਆਪਣੇ ਆਪ ਹੋਂਦ ਵਿੱਚ ਆਉਣ ਵਾਲਾ, ਗੁਰ ਪ੍ਰਸਾਦਿ= ਗੁਰੂ ਦੀ ਕਿਰਪਾ ਨਾਲ ।

ਇਹ ਮੂਲ-ਮੰਤਰ ਹੈ । ੧ਓ, ਬੀਜ ਮੰਤਰ ਹੈ । ਸਤਿਨਾਮੁ, ਨਾਮ ਮੰਤਰ ਹੈ । ਨਿਰੰਕਾਰ ਇੱਕ ਹੈ । ਇੱਕ ਰਸ ਹੈ । ਜਿਸ ਦਾ ਨਾਮ ਹੋਂਦ ਵਾਲਾ ਹੈ । ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ । ਹਰ ਥਾਂ ਵਿਆਪਕ ਹੈ । ਉਸ ਨੂੰ ਕਿਸੇ ਦਾ ਡਰ ਨਹੀਂ ਅਤੇ ਕਿਸੇ ਨਾਲ ਉਸ ਨੂੰ ਦੁਸ਼ਮਣੀ ਨਹੀਂ । ਉਸ ਦਾ ਸਰੂਪ ਕਾਲ ਦੇ ਅਧੀਨ ਨਹੀਂ । ਉਹ ਜਨਮ ਮਰਨ ਤੋਂ ਰਹਿਤ ਹੈ । ਉਸ ਦੀ ਹੋਂਦ ਆਪਣੇ ਆਪ ਤੋਂ ਹੋਈ ਹੈ ਜਾਂ ਉਸ ਨੂੰ ਬਨਾਉਣ ਵਾਲਾ ਕੋਈ ਨਹੀਂ ।

ਇਹ ਕੇਵਲ ਇੱਕ ਅਤੇ ਇੱਕ ਰਸ ਨਿਰੰਕਾਰ, ਜਿਸ ਦਾ ਨਾਮ ਸਤਿ ਹੈ ਅਤੇ ਉਪਰੋਕਤ ਗੁਣਾਂ ਦਾ ਧਾਰਨੀ ਹੈ, ਸੱਚੇ ਗੁਰੂ ਦੀ ਕਿਰਪਾ ਨਾਲ ਮਿਲ ਸਕਦਾ ਹੈ ।

## "ਜਪੁ"

ਇਸ ਸਾਰੀ ਬਾਣੀ ਦਾ ਨਾਮ ਜਪੁ ਹੈ । (ਚਲਦਾ)

## Japji

Ekomkar Sat-nam Karta purukh
Nirbhau Nirvair Akal Murat Ajooni
Saibham gurparsad,

## Meaning

Ek=One, Om=Primal Being, Kar=unfolding infinitely, Sat-nam= The true is His name, Karta purukh= The creative spirit pervading The universe, Nirbhau= fearless, Nirvair= enmity-less, Akal Murat= Immortal Being, Ajooni= unborn, Saibham= Self-existent, Gurparsad= Only attained with Guru's grace.

God alone is and there is none other beside Him. The eternal is His Name. His is the creative Spirit pervading The universe is called person. God is fearless and enmity-less. God is being beyond description and beyond the limits of time. God is unborn and self-existent. God's grace can be attained with the true Guru's grace.

## Jap

Jap is the name of the whole composition that follows. (continued)

# DEVOTIONAL MUSIC ARCHIVES

Punjab & Sind Bank which was founded on the sacred soil of Amritsar on the 24th June, 1908, started its operations with the recitation of Kirtan and offering prayers at Holy Golden Temple. Achieving praiseworthy success in the banking operations, it also did not lag behind in discharging its social commitments. The Shabads contained in the Adi Granth (Sri Guru Granth Sahib) has always been a guiding force to the mankind and a source of inspiration too.

After Mr. K.S. Bains took over the reins of Punjab & Sind Bank, he envisaged a unique plan to make the endeavors of Punjab & Sind Bank immortal. Besides publishing the unique book 'Sikh Heritage' in paintings, which has been acclaimed world over, he also formulated a novel project of setting up of the Devotional Music Archives at Jalandhar. The work on this project was carried out with great enthusiasm, devotion and dedication. The project is almost in the operational stage and is all set to make its presence felt amongst the masses.

The building has been acquired and got furnished. It is fully air-conditioned and a computer has been installed there. With the computerisation of the collection of recorded Shabads, details of records Ragi wise & Shabad wise have been now built up. Sophisticated machinery for transferring old Kirtan from L.P., E.P. and spools to cassettes, imported from abroad, has been installed. The archives has also been equipped with big screen imparted any T.V. alongwith V.C.R. Thus, the archives has excellent audio/video system arrangements. Besides there is also one listening room where Sangat up to 200 persons can make use of the facility at one time. Job of cataloguing of Shabads collected so far is also near completion.

Efforts made for collection of old Kirtan recording have yielded rich dividends. Advertisements were inserted in the leading newspapers of Punjab appealing to the general public to lend or donate their possession of old recordings three times. One appeal was made for the general Kirtan, second appeal was made for the Kirtan of Bhai Samund Singh and third appeal for the Kirtan of Bhai Devender Singh Jee. Personal contacts were also made for the collection of old Kirtan at Chandigarh, Amritsar, Jalandhar, Ludhiana and Delhi.

As a result of these endeavors, it has been possible to collect quite a good number of old and rare Kirtan recordings which were lying scattered at different

places and in different hands. However, about 250 pre-recorded cassettes from M/S Amrit Vani, Amrit Ras and T-Series of prominent ragis have been procured and kept in archives.

Punjab & Sind Bank also took initiative and got recorded shabads of Gurbani from six prominent ragis for approximately four hour duration. The Shabad Gurbani contained in these recordings is purely based on the Amrit Vela Ragas which are contained in the Holy Sri Guru Granth Sahib. To begin with, the advisory committee for the Devotional Music Archives has selected recordings for two cassettes each of one hour duration which would be released.

About 100 masters tapes have been got prepared from the old Kirtan received in the form of LPs/EPs spools in the well equipped modern studios having latest machinery. By doing this old kirtan has been preserved for the posterity. Ten copies of these masters have also been got prepared. At present about 2000 Shabads sung by prominent ragis which include the old kirtan sung by Bhai Samund Singh, Bhai Santa Singh, Bhai Sudh Singh Pardhan Singh, Bhai Bakhshish Singh, Bhai Surjan Singh, Ms Subalakshmi, Lata Mangeshkar, Manna Dey, Meenu Purshotam S/C Paintal, Akal Sangeet Sabha, Asha Bhonsle, Devinder Singh & party, Dilbagh Singh Gulbagh Singh, Bhai Gurmail Singh, Kanwal Sidhu, Piara Singh, Bhai Dharam Singh Zakhmi, Bhai Shamsher Singh Zakhmi, have been collected.

While collecting Kirtan sung by old ragis it was noticed that inspite of present facilities available even our present prominent ragis don't have complete records of their own recordings. It was with their principals only who were suppose to have sufficient stock of their pre-recorded cassettes and who were selling the same. When these principals were contacted they even could not supply all the cassettes recorded by them. Going deep into the matter it transpired that shabad recorded by them in original in 'Nirdharat Ragas' were not being brought out as there was not sufficient demand for the same from the public. This startling fact made us to ponder over the matter. It was then decided that Kirtan of present ragis may also be collected simultaneously so that it may not become rare after sometime. In addition to this collection of Kirtan sung by the following ragis have also been made :

Bhai Amarjit Singh Taan, Sant Anoop Singh Ji (Une Wale) Bhai Balbir Singh (ASR), Principal Baldev Singh, Bhai Balvinder Singh, Bhai Bhupinder Singh, Bhai Bhag Singh, Bagwant Singh, Bhai Chattar Singh, Prof. Darshan Singh Khalsa, Bhai Devinder Singh, Bibi Dharmender Kaur, Geeta Kumari Paintal, Bhai Gurdayal Singh, Bhai Gurmail Singh,

Bhai Harbans Singh Jagadhari Wale, Bhai Balbir Singh Darbar Sahib Amritsar Bhai Nirmal Singh Amritsar, Bhai Harjit Singh Gurdip Singh, Bibi Jagmit Kaur, Bhai Dr. Jagir Singh, Bhai Sahib Bhai Jasbir Singh Khalsa, Bhai Kanwarpal Singh, Bhai Kulwant Singh, Bhai Lakhbir Singh, Bhai Nirmal Singh (ASR) Bhai Paramjot Singh Ludhiana, Bhai Sahib Sadhu Singh Dehradun Wale, Prof. Satnam Singh Sethi, Bhai Sohan Singh Ji Rasia, Bhai Sahib Bhai Surinder Singh Patna Sahib Wale, Bhai Sahib Bhai Tarlochan Singh Ji etc. The present prominent ragis are also being contacted to procure their own recordings in Nirdharat Ragas and also recording of other singers with them. They have assured of the cooperation. In addition to this various Sikh Houses who have the honour of having rare collections with them are also being contacted. It is hoped to receive further response from these resource.

With a view to seek advice for the collection and preservation of our golden heritage, two committees have been set up. The detail is as under :-

**<u>Delhi Based Committee</u>**

1. S. R.S. Narula, Chief Justice (Retd.)
2. S. Anoop Singh, Member Rly. Board (Retd.)
3. S. H.S. Rattan, Formerly of Doordarshan & AIR
4. S. K.S. Narula, Music Director
5. Mr. Zahir Ahmed, Formerly of HMV now at T-Series
6. S. Ajit Singh Paintal, Head of Music Deptt., Delhi University

**<u>Punjab Based Committee</u>**

1. Dr. Jagir Singh, Chandigarh
2. S. Sikander Singh Bagrian, Chandigarh
3. Prof. Kartar Singh, Head of Music Deptt. Guru Nanak College Ludhiana & Director Bhai Samund Singh Sangeet Academy.
4. Prof. Joginder Singh, Retd. Principal, Gujranwala Khalsa College, Ludhiana.
5. S. Prem Singh Advocate, Punjab Kirtan Darbar, Jalandhar
6. Brig. Jaswant Singh, Amritsar
7. S. Harcharan Singh S/o Late S. Jodh Singh of AIR Jalandhar

# ਸੰਗੀਤ ਸਿੱਖਿਆ ਜਗਤ ਵਿਚ 'ਤਾਲ ਰਤਨ' ਦਾ ਯੋਗਦਾਨ

ਗੋਪਾਲ ਸਿੰਘ ਦਰਦੀ

ਉਸਤਾਦ ਪ੍ਰਿੰਸੀਪਲ ਰਾਗੀ ਸੁਰਜੀਤ ਸਿੰਘ, ਅਕਾਲ ਗੁਰਮਤਿ ਸੰਗੀਤ ਵਿਦਿਆਲਿਆ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ (ਸੰਗਰੂਰ)ਦੀ ਕਰੜੀ ਘਾਲਣਾ ਦੇ ਸਦਕਾ ਤਾਲ ਰਤਨ ਗ੍ਰੰਥ ਦਸੰਬਰ 1995 ਨੂੰ ਹੋਂਦ ਵਿਚ ਆਉਣ ਨਾਲ ਸੰਗੀਤ ਪ੍ਰੇਮੀਆਂ ਨੂੰ ਬਹੁਤ ਕੁਝ ਸਿਖਣ ਲਈ ਮਿਲੇਗਾ। ਇਸ ਤਾਲ ਰਤਨ ਗ੍ਰੰਥ ਵਿਚ 411 ਪੰਨੇ ਹਨ, ਜਿਨ੍ਹਾਂ ਵਿਚ 35-40 ਸਾਲਾਂ ਦੀ ਘੋਰ ਤਪੱਸਿਆ ਦਾ ਨਿਚੋੜ ਲਿਖ ਕੇ ਤਬਲਾ ਵਾਦਕਾਂ ਨੂੰ ਸਹੀ ਸੇਧ ਦੇਣ ਲਈ ਸਾਬਤ ਹੋਇਆ ਹੈ। ਇਸ ਗ੍ਰੰਥ ਦੀ ਤੀਬਰਤਾ ਬਦਲੇ ਉਸਤਾਦ ਜੀ ਨੂੰ ਕਈ ਵਾਰੀ ਵਿਦੇਸ਼ੀ ਦੌਰੇ ਵੀ ਠੁਕਰਾਉਣੇ ਪਏ। ਇਨ੍ਹਾਂ ਨੇ ਜੋ ਕੁਝ ਵੀ ਸਿਖਿਆ ਉਸ ਨੂੰ ਬੜੀ ਈਮਾਨਦਾਰੀ ਨਾਲ ਹੋਰ ਲੋਕਾਂ ਤਕ ਦਰਸਾਉਣ ਲਈ ਆਪਣੇ ਸਾਰੇ ਯਤਨ ਜੁਟਾ ਦਿੱਤੇ। ਅਜਿਹੇ ਗੁਣ ਆਮ ਉਸਤਾਦਾਂ ਵਿਚ ਦੇਖਣ ਨੂੰ ਨਹੀਂ ਮਿਲਦੇ। ਭਾਵੇਂ ਅੱਖਾਂ ਦੀ ਰੋਸ਼ਨੀ ਕਾਫੀ ਘਟਦੀ ਗਈ ਪਰ ਸੰਗੀਤ ਪ੍ਰਕਾਸ਼ ਦਾ ਉਜਾਲਾ ਹੈ ਜੋ ਕਿ ਸਿਖਿਆਰਥੀਆਂ ਦੇ ਰੂਪ ਵਿਚ ਦੇਸ਼-ਵਿਦੇਸ਼ਾਂ ਵਿਚ ਨਾਮਵਰ ਜਥਿਆਂ ਰਾਹੀਂ ਸੰਗੀਤ ਦੀ ਸੇਵਾ ਕਰਦਾ ਹੈ। ਇਨ੍ਹਾਂ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੱਤੀ ਅਤੇ ਗੁਰਦੁਆਰਾ ਜਨਮ ਅਸਥਾਨ ਚੀਮਾ, ਨਾਨਕਸਰ ਕਲੇਰਾਂ, ਲੋਪੋ, ਘਨੌਰੀ ਕਲਾਂ, ਭੁੱਚੋ ਜਿਹੇ ਸਥਾਨਾਂ 'ਤੇ ਵਿਦਿਆਲਿਆਂ ਵਿਚ ਕਈ ਕਈ ਸਾਲ ਸੇਵਾ ਕੀਤੀ। ਇਸ ਤਾਲ ਰਤਨ ਗ੍ਰੰਥ ਨੂੰ ਸਿਰੇ ਚੜ੍ਹਾਉਣ ਵਿਚ ਮੁੱਖ ਭੂਮਿਕਾ ਸੰਤ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲੇ (ਸਾਬਕਾ ਡਾਇਰੈਕਟਰ ਐਗਰੀਕਲਚਰ ਹਿਮਾਚਲ ਪ੍ਰਦੇਸ਼) ਅਤੇ ਉਨ੍ਹਾਂ ਦੇ ਸਹਿਯੋਗੀ ਨਿਕਟਵਰਤੀ ਡਾ.ਖੇਮ ਸਿੰਘ ਗਿੱਲ ਸਾਬਕਾ ਵਾਈਸ ਚਾਂਸਲਰ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੀ ਰਹੀ ਹੈ।

'ਤਾਲ ਰਤਨ' ਦੀ ਸਮੀਖਿਆ ਅਨੁਸਾਰ ਜਿਵੇਂ ਪ੍ਰਾਣ ਅਤੇ ਸਰੀਰ ਜ਼ਿੰਦਗੀ ਦੇ ਦੋ ਮੁੱਖ ਅੰਗ ਹਨ, ਬਿਲਕੁਲ ਇਸੇ ਤਰ੍ਹਾਂ ਸੰਗੀਤ ਦੇ ਦੋ ਮੁੱਖ ਤੱਤ ਹਨ - ਸੁਰ ਅਤੇ ਤਾਲ। ਜੇ ਸੁਰ ਸਰੀਰ ਹੈ ਤਾਂ ਤਾਲ ਉਸ ਦੇ ਪ੍ਰਾਣ। ਭਾਰਤੀ ਸੰਗੀਤ ਵਿਚ ਤਾਲ ਦੀ ਬਹੁਤ ਅਹਿਮੀਅਤ ਹੈ। ਤਾਲ ਦੇ ਵਾਦਾਂ (ਸਾਜ਼ਾਂ) ਵਿਚ ਕਿਸੇ ਸਮੇਂ ਪਖਾਵਜ ਦੀ ਪ੍ਰਧਾਨਤਾ ਸੀ ਪਰ ਅਜੋਕੇ ਸਮੇਂ ਤਾਲ ਵਾਦਾਂ ਵਿਚੋਂ ਤਬਲੇ ਦਾ ਸਥਾਨ ਸਰਵਉਚ ਹੈ। ਤਬਲੇ ਨੂੰ ਇਸ ਸਰਵਉਚਤਾ ਤਕ ਪਹੁੰਚਾਉਣ ਲਈ ਵਿਦਵਾਨ ਲੋਕ ਬਹੁਤ ਸਮੇਂ ਤੋਂ ਯਤਨਸ਼ੀਲ ਰਹੇ ਹਨ, ਜਿਨ੍ਹਾਂ ਦੇ ਫਲਸਰੂਪ ਵੱਖ ਵੱਖ ਵਾਦਨ ਸ਼ੈਲੀਆਂ, ਘਰਾਣੇ ਹੋਂਦ ਵਿਚ ਆਏ। ਉਸਤਾਦ ਲੋਕ ਸੀਨਾ ਬਸੀਨਾ ਆਪਣੇ ਸ਼ਾਗਿਰਦਾਂ ਨੂੰ ਅਤੇ ਖਾਨਦਾਨ ਦੇ ਵਾਰਸਾਂ ਨੂੰ ਆਪਣਾ ਇਲਮ ਵੰਡਦੇ ਰਹੇ ਤੇ ਇਹ ਲੜੀ ਚਲਦੀ ਰਹੀ। ਪ੍ਰੋਫੈਸਰ ਗੁਰਜੰਟ ਸਿੰਘ (ਸੰਗਰੂਰ) ਦੇ ਵਿਚਾਰ ਅਨੁਸਾਰ ਭਾਰਤੀ ਤਬਲਾ ਵਾਦਨ ਸ਼ੈਲੀ ਵਿਚ ਪੰਜ ਘਰਾਣੇ ਪ੍ਰਮੁੱਖ ਹਨ, ਫ਼ੱਰੁਖਾ ਬਾਦ ,ਦਿੱਲੀ, ਬਨਾਰਸ, ਅਜਰਾੜਾ ਤੇ ਲਖਨਊ। ਇਹ ਪੰਜੇ ਬਾਜ਼ ਕਿਵੇਂ ਨਾ ਕਿਵੇਂ ਦਿੱਲੀ ਬਾਜ਼ (...ਘਰਾਣੇ) ਨਾਲ ਸਬੰਧਿਤ ਰਹੇ ਹਨ। ਸਾਰਿਆਂ ਬਾਜ਼ਾਂ ਵਿਚ ਦਿੱਲੀ ਅੰਗ ਦੀ ਝਲਕ ਦਿਸ ਪੈਂਦੀ ਹੈ। ਭਾਰਤ ਦੇ ਭੂਗੋਲਿਕ ਪੱਖ ਤੋਂ ਵੀ ਪੰਜਾਬ ਦਾ ਆਪਣਾ ਸਥਾਨ ਹੈ। ਪੰਜਾਬੀ ਆਪਣੇ ਖਾਣ-ਪਹਿਨਾਣ ਖੁੱਲ੍ਹੇ-ਡੁੱਲ੍ਹੇ ਸੁਭਾਅ ਤੋਂ ਵੀ ਪਹਿਚਾਣਿਆ ਜਾਂਦਾ ਹੈ। ਠੀਕ ਇਸੇ ਤਰ੍ਹਾਂ ਪੰਜਾਬ ਦਾ ਤਬਲਾ ਬਾਜ਼ ਵੀ ਸੁਤੰਤਰ ਹੈ। ਇਹ ਕਿਸੇ ਹੋਰ ਘਰਾਣੇ ਦੀ ਸ਼ਾਖ ਨਾ ਹੋ ਕੇ 'ਪਿਓ-ਦਾਦੇ' ਦਾ ਖਜ਼ਾਨਾ ਹੈ।ਜਿਵੇਂ ਭਾਰਤੀ ਸੰਗੀਤ ਵਿਚ ਪਟਿਆਲਾ ਘਰਾਣਾ ਤੇ ਸ਼ਾਮਚੁਰਾਸੀ ਘਰਾਣੇ ਦੇ ਗਾਇਕਾਂ ਦਾ ਆਪਣਾ ਸਥਾਨ ਹੈ, ਇਸੇ ਤਰ੍ਹਾਂ ਪੰਜਾਬ ਦੇ ਤਬਲਾ ਵਾਦਕ ਦੀ ਆਪਣੀ ਵੱਖਰੀ ਸ਼ੈਲੀ ਹੈ।

ਪੰਜਾਬ ਵਿੱਚ ਗੁਰਬਾਣੀ ਕੀਰਤਨ ਗਾਇਣ ਦੀ ਪ੍ਰਧਾਨਤਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਨੂੰ ਗੁਰੂ ਸਾਹਿਬਾਨ ਨੇ ਰਾਗ ਬੱਧ ਤੇ ਤਾਲਬੱਧ ਕਰ ਕੇ ਗਾਇਆ ਅਤੇ ਗਾਉਣ ਦੀ ਹਦਾਇਤ ਕੀਤੀ। ਇਸੇ ਗੁਰਬਾਣੀ ਗਾਇਨ ਸ਼ੈਲੀ ਨੂੰ 'ਗੁਰਮਤਿ ਸੰਗੀਤ ਪੱਧਤੀ' ਦਾ ਨਾਂ ਦਿੱਤਾ। ਜਿਸ ਨਾਲ ਸੰਗਤ ਕਰਨ ਲਈ ਪਹਿਲਾਂ ਪਖਾਵਜ ਤੇ ਅੱਜ ਕੱਲ੍ਹ ਤਬਲੇ ਦੀ ਪ੍ਰਧਾਨਤਾ ਹੈ। ਜਿਥੇ ਪੰਜਾਬ ਨੇ ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਮੱਲਾਂ ਮਾਰੀਆਂ ਉਥੇ ਤਬਲਾ ਵਾਦਨ ਖੇਤਰ ਵਿਚ ਵੀ ਤਰੱਕੀ ਕੀਤੀ। ਪਖਾਵਜ ਦੇ ਬੋਲ ਬੰਦ ਕਰ ਕੇ ਤਬਲੇ ਉਪਰ ਨਵੇਂ ਢੰਗ ਨਾਲ ਵਜਾਏ। ਸਤਿਕਾਰਯੋਗ ਸੰਤ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲੇ ਜਿਨ੍ਹਾਂ ਨੇ ਦੁਨਿਆਵੀ ਵਿੱਦਿਆ ਦੇਣ ਦੇ ਨਾਲ ਨਾਲ ਦੀਨੀ ਵਿੱਦਿਆ ਦੇਣ ਦਾ ਬੀੜਾ ਚੁੱਕਿਆ ਹੋਇਐ, ਨੇ ਯੁਗ ਪੁਰਸ਼ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਦੇ ਜਨਮ ਅਸਥਾਨ ਚੀਮਾ ਸਾਹਿਬ ਵਿਖੇ ਸੰਗੀਤ ਵਿਦਿਆਲੇ

ਦੇ ਉਸਤਾਦ ਸੰਗੀਤ ਅਚਾਰੀਆ ਪ੍ਰਿੰਸੀਪਲ ਰਾਗੀ ਸੁਰਜੀਤ ਸਿੰਘ ਜੀ ਨੂੰ ਪੰਜਾਬ ਘਰਾਣੇ ਦਾ ਤਬਲੇ (ਵਿਸ਼ੇਸ਼ ਕਰ ਗੁਰਮਤਿ ਸ਼ੈਲੀ) ਬਾਰੇ ਕਿਤਾਬ ਰੂਪ ਲਿਖਣ ਲਈ ਪ੍ਰੇਰਿਆ। ਚਾਰ ਸਾਲ ਦੀ ਕਰੜੀ ਘਾਲਣਾ ਬਾਅਦ ਪੁਸਤਕ 'ਤਾਲ ਰਤਨ' ਸੰਗੀਤ ਦੀ ਭੇਟਾ ਕੀਤੀ।

ਪਹਿਲੀ ਗੱਲ ਤਾਂ ਇਹ ਕਿ ਤਬਲੇ ਬਾਰੇ ਹੀ ਬਹੁਤ ਘੱਟ ਲਿਖਿਆ ਗਿਆ। ਹਿੰਦੀ ਵਿਚ ਕੁਝ ਪੁਸਤਕਾਂ ਹਨ। ਪੰਜਾਬੀ ਵਿਚ ਤਾਂ ਮਸਾਂ ਇਕ-ਦੋ ਕਿਤਾਬਾਂ ਹੋਣਗੀਆਂ, ਜੋ ਸਹੀ ਅਗਵਾਈ ਨਹੀਂ ਕਰਦੀਆਂ। 'ਤਾਲ ਰਤਨ' ਪੁਸਤਕ ਵਿਚ ਪ੍ਰਚਲਤ, ਅਪ੍ਰਚਲਤ ਸਾਰੇ ਤਾਲਾਂ ਦੀ ਵਿਧੀ ਅਨੁਸਾਰ ਠੇਕੇ, ਉਠਾਨ, ਪੇਸ਼ਕਾਰ, ਕਾਇਦੇ, ਪਲਟਿਆਂ ਸਹਿਤ ਰੇਲੇ, ਪਰਨ, ਟੁਕੜੇ, ਚਕਰਦਾਰ, ਪਰਨਾਂ ਆਦਿ ਲਿਖੇ ਗਏ ਹਨ। ਤੀਨ ਤਾਲ ਮੁੱਖ ਤਾਲ ਹੈ, ਜਿਸ ਨੂੰ ਪਹਿਲੇ ਪਹਿਲੇ ਰੱਖਿਆ ਗਿਆ ਹੈ। ਇਸ ਤਾਲ ਦਾ ਸਬਕ ਕਿਤਾਬ ਦੇ 411 ਪੰਨਿਆਂ ਵਿਚੋਂ 156 ਪੰਨਿਆਂ ਵਿਚ ਹੈ ਜੋ ਆਪਣੇ ਆਪ ਵਿਚ ਇਕ ਕਿਤਾਬ ਹੈ।

ਪੰਚਮ ਸਵਾਰੀ, ਸਿਖਰ ਤਾਲ, ਮਨੀ ਤਾਲ, ਜੈ ਮੰਗਲ ਤਾਲ ਆਦਿ ਜਿਨ੍ਹਾਂ ਤਾਲਾਂ ਨੂੰ ਦੂਸਰੇ ਘਰਾਣਿਆਂ ਦੇ ਵਾਦਕ ਸਿਰਫ ਸੰਗਤ ਕਰਨ ਲਈ ਵਰਤਦੇ ਸਨ, ਪੰਜਾਬ ਬਾਜ਼ ਦੇ ਵਾਦਕ ਇਨ੍ਹਾਂ ਨੂੰ ਸੋਲੋ ਰੂਪ ਵਿਚ ਵਜਾਉਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਤਾਲਾਂ ਵਿਚ ਲੰਮੇ ਕਾਇਦੇ ਪਰਨਾਂ ਆਦਿ ਲਿਖੇ ਗਏ ਹਨ। ਜਿਵੇਂ ਨਿਰਤ ਵਿਚ ਰਾਧਾ ਕ੍ਰਿਸ਼ਨ ਦੀਆਂ ਰਾਸ ਲੀਲਾਵਾਂ ਨੂੰ ਤਾਲਬੱਧ ਕੀਤਾ ਹੈ, ਪਰਨਾਂ ਵਿਚ ਸ਼ਿਵ ਪਰਨ, ਗਣੇਸ਼ ਪਰਨ ਆਦਿ ਦੀ ਰਚਨਾ ਕੀਤੀ ਗਈ ਹੈ। ਇਸੇ ਤਰ੍ਹਾਂ ਲੇਖਕ ਨੇ ਪਹਿਲੀ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਸੰਗੀਤ ਭੁਯੰਗ ਪ੍ਰਯਾਤਛੰਦ, ਨਰਾਜਛੰਦ ਆਦਿ ਨੂੰ ਤਾਲਬੱਧ ਕੀਤਾ ਹੈ।

ਸਿਖਿਆਰਥੀਆਂ ਲਈ ਜਿਥੇ 'ਤਾਲ ਰਤਨ' ਯੋਗ ਅਗਵਾਈ ਪ੍ਰਦਾਨ ਕਰੇਗੀ ਉਥੇ ਕ੍ਰਿਆਤਮਕ ਪੱਖ ਤੋਂ ਚੰਗੀ ਘਾਟ ਨੂੰ ਪੂਰਾ ਜ਼ਰੂਰ ਕਰੇਗੀ ਕਿਉਂਕਿ ਮਿਹਨਤ ਅਤੇ ਲਗਨ ਨਾਲ ਕੀਤੀ ਗਈ ਘਾਲਣਾ ਜ਼ਰੂਰ ਪ੍ਰਵਾਨ ਚੜ੍ਹਦੀ ਹੈ।

(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)

# ਵਾਦਨ ਸੰਗੀਤ ਪਰਿਚੈ - ਤਬਲਾ

ਵਿਜੇ ਅਰੋੜਾ

ਤਬਲੇ ਦਾ ਜਨਮ ਕਦੋਂ ਹੋਇਆ, ਕਿੱਥੇ ਹੋਇਆ ਅਤੇ ਕਿਵੇਂ ਹੋਇਆ ਇਸ ਬਾਰੇ ਸਾਰੇ ਵਿਦਵਾਨ ਇਕ ਮੱਤ ਨਹੀਂ ਹਨ । ਇਸ ਦੀ ਉਤਪਤੀ ਦੇ ਬਾਰੇ ਕਈ ਤਰ੍ਹਾਂ ਦੇ ਮੱਤ ਹਨ ਪਰੰਤੂ ਕੁਝ ਵਿਦਵਾਨਾਂ ਦੇ ਅਨੁਸਾਰ ਇਸ ਦੀ ਕਾਢ ਅਮੀਰ ਖੁਸਰੋ ਨੇ ਕੱਢੀ । ਅਮੀਰ ਖੁਸਰੋ ਨੇ ਪਖਾਵਜ ਨੂੰ ਦਰਮਿਆਨ ਵਿਚੋਂ ਦੋ ਭਾਗਾਂ ਵਿੱਚ ਕਟ ਕੇ ਤਬਲੇ ਦੀ ਈਜਾਦ (ਅਵਿਸ਼ਕਾਰ) ਕੀਤੀ । ਕੁਝ ਵਿਦਵਾਨ ਕਹਿੰਦੇ ਹਨ ਕਿ ਫਾਰਸੀ ਦੇ ਸ਼ਬਦ ਤਬਲ ਤੋਂ ਤਬਲੇ ਦੀ ਉਤਪਤੀ ਹੋਈ । ਤਬਲ ਦਾ ਅਰਥ ਹੈ ਨਗਾਰਾ । ਕੁਝ ਵਿਦਵਾਨਾਂ ਦਾ ਮੱਤ ਹੈ ਕਿ ਤਬਲੇ ਦੀ ਖੋਜ ਸਿਧਾਰ ਖਾਂ ਨੇ ਕੀਤੀ ਜਿਨ੍ਹਾਂ ਦੇ ਸ਼ਾਗਿਰਦ ਰੌਸ਼ਨ ਖਾਂ ਅਤੇ ਕੱਲੂ ਖਾਂ ਹੋਏ । ਕੁੱਝ ਕਹਿੰਦੇ ਹਨ ਕਿ ਪੌਰਾਣਿਕ ਕਾਲ ਵਿਚ ਸੰਬਲ ਨਾਂ ਦਾ ਇਕ ਸਾਜ਼ ਸੀ ਜਿਸ ਦੇ ਦੋ ਭਾਗ 'ਨਰ'ਅਤੇ 'ਮਾਦਾ' ਸਨ । ਹੋ ਸਕਦਾ ਹੈ ਤਬਲਾ ਇਸੇ ਦਾ ਹੀ ਸੁਧਰਿਆ ਹੋਇਆ ਰੂਪ ਹੋਵੇ । ਕਈ ਵਿਦਵਾਨਾਂ ਦਾ ਅਜਿਹਾ ਵੀ ਵਿਚਾਰ ਹੈ ਕਿ ਦਰਦੁਰ ਨਾਂ ਦਾ ਰੂਪ ਤਬਲੇ ਨਾਲ ਬਹੁਤ ਮਿਲਦਾ-ਜੁਲਦਾ ਹੈ ਇਸ ਲਈ ਸ਼ਾਇਦ ਪ੍ਰਾਚੀਨ ਦਰਦੁਰ ਤੋਂ ਹੀ ਤਬਲੇ ਦਾ ਇਹ ਰੂਪ ਬਣਿਆ ਹੋਵੇ । ਇਹ ਤਾਂ ਨਿਸ਼ਚਿਤ ਹੋ ਚੁਕਿਆ ਹੈ ਕਿ ਤਬਲੇ ਦਾ ਪ੍ਰਚਾਰ ਖੁਸਰੋ ਤੋਂ ਪਹਿਲੋਂ ਹੋ ਚੁਕਿਆ ਸੀ । ਇਹ ਹੋ ਸਕਦਾ ਹੈ ਕਿ ਅਮੀਰ ਖੁਸਰੋ ਨੇ ਇਸ ਸਾਜ਼ ਦਾ ਕੁਝ ਸੁਧਾਰ ਕੀਤਾ ਹੋਵੇ ਪਰ ਉਹਨਾਂ ਇਸ ਦੀ ਖੋਜ ਕੀਤੀ ਹੈ,ਇਹ ਠੀਕ ਨਹੀਂ ਹੈ ।ਤਬਲੇ ਦੇ ਅੰਤਰਗਤ ਪ੍ਰਚਲਤ ਗਤਾਂ,ਤੋੜਿਆਂ ਅਤੇ ਬੋਲਾਂ ਨੂੰ ਪ੍ਰਚਾਰ ਵਿਚ ਲਿਆਉਣ ਦਾ ਸਿਹਰਾ ਸੁਧਾਰ ਖਾਂ ਨੂੰ ਹੀ ਜਾਂਦਾ ਹੈ ।

ਤਬਲੇ ਦੇ ਦੋ ਅੰਗ ਹੁੰਦੇ ਹਨ :- ਸੱਜਾ ਤਬਲਾ ਅਤੇ ਖੱਬਾ ਤਬਲਾ ।

**ਸੱਜਾ ਤਬਲਾ** :-ਸੱਜਾ ਤਬਲਾ ਲੱਕੜੀ ਦਾ ਬਣਿਆ ਹੁੰਦਾ ਹੈ ਅਤੇ ਅੰਦਰੋਂ ਖਾਲੀ ਹੁੰਦਾ ਹੈ । ਇਸ ਦੇ ਉਪਰ ਖੱਲ ਮੜ੍ਹੀ ਹੁੰਦੀ ਹੈ । ਇਸ ਨੂੰ ਪੁੜੀ ਕਹਿੰਦੇ ਹਨ । ਪੁੜੀ ਦੇ ਕਿਨਾਰੇ ਚੌਹੀਂ ਪਾਸੀਂ ਚਮੜੇ ਦੀ ਗੋਟ ਲੱਗੀ ਹੁੰਦੀ ਹੈ । ਇਸ ਨੂੰ ਸੱਜਾ ਤਬਲਾ ਇਸ ਲਈ ਕਹਿੰਦੇ ਹਨ ਕਿਉਂਕਿ ਇਹ ਸੱਜੇ ਹੱਥ ਨਾਲ ਵਜਾਇਆ ਜਾਂਦਾ ਹੈ ।

**ਖੱਬਾ ਤਬਲਾ** :-ਇਹ ਮਿੱਟੀ ਜਾਂ ਧਾਤ ਦਾ ਬਣਿਆ ਹੁੰਦਾ ਹੈ । ਇਸ ਨੂੰ ਡੱਗਾ ਵੀ ਕਹਿੰਦੇ ਹਨ । ਇਸ ਤੇ ਵੀ ਖੱਲ ਮੜ੍ਹੀ ਹੁੰਦੀ ਹੈ ।

ਹੁਣ ਅਸੀਂ ਤਬਲੇ ਦੇ ਸਾਰੇ ਅੰਗਾਂ ਦਾ ਵਾਰੀ-ਵਾਰੀ ਵਰਣਨ ਕਰਾਂਗੇ:

**ਪੁੜੀ** : ਲੱਕੜੀ ਦੇ ਖੋਲ ਤੇ ਜਿਹੜੀ ਖੱਲ ਮੜ੍ਹੀ ਹੁੰਦੀ ਹੈ ਉਸ ਨੂੰ ਪੁੜੀ ਕਹਿੰਦੇ ਹਨ । ਸੱਜੇ ਤਬਲੇ ਦੀ ਪੁੜੀ ਕੁਝ ਪਤਲੀ ਹੁੰਦੀ ਹੈ ਅਤੇ ਖੱਬੇ ਦੀ ਮੋਟੀ। ਸਭ ਤੋਂ ਚੰਗੀ ਪੁੜੀ ਤਾਂ ਬੱਕਰੀ ਦੀ ਖੱਲ ਦੀ ਬਣੀ ਹੁੰਦੀ ਹੈ ।

**ਚਾਂਟੀ** : ਪੁੜੀ ਦੇ ਕਿਨਾਰੇ ਦੇ ਚੌਹੀਂ ਪਾਸੀਂ ਚਮੜੇ ਦੀ ਗੋਟ ਲੱਗੀ ਹੁੰਦੀ ਹੈ ਜਿਸ ਨੂੰ ਚਾਂਟੀ ਕਹਿੰਦੇ ਹਨ । ਇਸ ਤੇ ਜਦ ਉਂਗਲੀ ਨਾਲ ਸੱਟ ਮਾਰਦੇ ਹਾਂ ਤਾਂ ਤਬਲੇ ਦੇ ਬੋਲ ਨਿਕਲਦੇ ਹਨ ।

**ਸਿਆਹੀ** : ਪੁੜੀ ਦੇ ਵਿਚ ਜਿਹੜਾ ਕਾਲਾ ਹਿੱਸਾ ਹੁੰਦਾ ਹੈ ਉਸਨੂੰ ਸਿਆਹੀ ਕਹਿੰਦੇ ਹਨ ।

**ਮੈਦਾਨ** : ਚਾਂਟੀ ਅਤੇ ਸਿਆਹੀ ਦੇ ਵਿਚਲਾ ਸਥਾਨ ਲਵ ਅਖਵਾਉਂਦਾ ਹੈ । ਇਸ ਨੂੰ ਮੈਦਾਨ ਵੀ ਕਹਿੰਦੇ ਹਨ।

**ਗਜਰਾ** : ਪੁੜੀ ਦੇ ਚੌਹੀਂ ਪਾਸੀਂ ਅਤੇ ਗੋਟ ਦੇ ਕਿਨਾਰੇ ਤੇ ਚਮੜੇ ਦੇ ਫੀਤੇ ਦਾ ਬਣਿਆ ਹੋਇਆ ਭਾਗ (ਹਿੱਸਾ) ਗਜਰਾ ਅਖਵਾਉਂਦਾ ਹੈ।

**ਗੱਟੇ** : ਤਬਲੇ ਨੂੰ ਕਸਣ ਜਾਂ ਢਿਲਾ ਕਰਨ ਲਈ 8 ਗੱਟੇ ਲੱਗੇ ਹੁੰਦੇ ਹਨ । ਤਬਲੇ ਦੇ ਸਵਰ ਨੂੰ ਉਚੱਾ ਜਾਂ ਨੀਵਾਂ ਕਰਨ ਲਈ ਗੱਟਿਆਂ ਨੂੰ ਉਪਰ ਜਾਂ ਥੱਲੇ ਕੀਤਾ ਜਾਂਦਾ ਹੈ ਤਦ ਹੀ ਤਬਲਾ ਉਪੱਰ ਜਾਂ ਹੇਠ ਦੇ ਸਵਰ ਵਿਚ ਮਿਲਦਾ ਹੈ ਭਾਵ ਜਦ ਗੱਟੇ ਹੇਠਾਂ ਕਰਦੇ ਹਾਂ ਤਾਂ ਤਬਲੇ ਦਾ ਸਵਰ ਉਚੱਾ ਹੁੰਦਾ ਹੈ ਪਰ ਜੇ ਉਚੇ ਕਰਦੇ ਹਾਂ ਤਾਂ ਤਬਲੇ ਦਾ ਸਵਰ ਨੀਵਾਂ ਹੁੰਦਾ ਹੈ । ਮਾਮੂਲੀ ਸਵਰ ਦੇ ਉਤਰਾਅ ਚੜ੍ਹਾਅ ਲਈ

ਚਾਟੀ ਦੇ ਕਿਨਾਰੇ ਵਾਲੀ ਪਗੜੀ ਜਾਂ ਗਜਰੇ ਤੇ ਸੱਟ (ਪ੍ਰਹਾਰ) ਮਾਰਨ ਨਾਲ ਹੀ ਕੰਮ ਚਲ ਜਾਂਦਾ ਹੈ ।

**ਬੱਧੀ** : ਤਬਲੇ ਨੂੰ ਕਸਣ ਵਾਲੀ ਜਿਹੜੀ ਚਮੜੇ ਦੀ ਡੋਰੀ ਲਗਾਈ ਜਾਂਦੀ ਹੈ ਉਸ ਨੂੰ ਵਧਰੀ ਕਹਿੰਦੇ ਹਨ ।

**ਮੁੰਦਰੀ** : ਤਬਲੇ ਦੇ ਹੇਠਾਂ ਚਮੜੇ ਜਾਂ ਪਤਲੀ ਰੱਸੀ ਦੀ ਇਕ ਮੁੰਦਰੀ ਬਣਾਂਦੇ ਹਾਂ । ਮੁੰਦਰੀ ਤੋਂ ਹੋ ਕੇ ਬੱਧੀ ਨੂੰ ਕੱਸਦੇ ਹਾਂ ।

ਖੱਬੇ ਤਬਲੇ ਦੇ ਵੀ ਉਹੀ ਅੰਗ ਹਨ ਜਿਹੜੇ ਸੱਜੇ ਤਬਲੇ ਦੇ ਹਨ ।

### *ਤਬਲੇ ਦੇ ਮਿਲਾਣ ਦਾ ਢੰਗ*

ਤਬਲੇ ਦਾ ਸੱਜਾ ਜਿਹੜੇ ਸਵਰ ਵਿਚ ਮਿਲਾਣਾ ਹੋਵੇ ਉਸ ਤੋਂ ਇਕ ਸਪਤਕ ਹੇਠਾਂ ਉਸੇ ਸਵਰ ਵਿਚ ਖੱਬਾ ਮਿਲਾਣਾ ਚਾਹੀਦਾ ਹੈ । ਉਂਝ ਤਾਂ ਆਮ ਤੌਰ ਤੇ ਖੱਬੇ ਹਿੱਸੇ ਨੂੰ ਮਿਲਾਣ ਦੀ ਲੋੜ ਨਹੀਂ ਪੈਂਦੀ। ਫਿਰ ਵੀ ਇਸ ਨਿਯਮ ਨੂੰ ਧਿਆਨ ਵਿਚ ਰੱਖਦੇ ਹੋਏ ਖੱਬੇ ਨੂੰ ਵੀ ਠੀਕ ਰੱਖਣਾ ਚੰਗਾ ਰਹਿੰਦਾ ਹੈ । ਤਬਲੇ ਨੂੰ ਸਾ ਪ ਸਵਰ ਨਾਲ ਮਿਲਾਂਦੇ ਹਨ ਪਰੰਤੂ ਜਿਨ੍ਹਾਂ ਰਾਗਾਂ ਵਿਚ ਪ ਸਵਰ ਨਹੀਂ ਹੁੰਦਾ ਉਹਨਾਂ ਵਿਚ ਮ ਸਵਰ ਨਾਲ ਤਬਲੇ ਨੂੰ ਮਿਲਾਂਦੇ ਹਨ ।

ਸਭ ਤੋਂ ਪਹਿਲਾਂ ਕਿਸੇ ਇਕ ਹਿੱਸੇ ਨੂੰ ਮਿਲਾ ਕੇ ਸੱਜੇ ਪਾਸੇ ਤੋਂ ਉਸ ਤੋਂ ਅਗਲੇ ਹਿੱਸੇ ਨੂੰ ਮਿਲਾਣਾ ਚਾਹੀਦਾ ਹੈ ਇਸ ਤਰ੍ਹਾਂ ਪੂਰਾ ਤਬਲਾ ਚੰਗੀ ਤਰ੍ਹਾਂ ਮਿਲ ਜਾਂਦਾ ਹੈ । ਮਿਲਾਣ ਦਾ ਇਕ ਢੰਗ ਇਹ ਵੀ ਹੈ ਕਿ ਪਹਿਲਾਂ ਇਕ ਘਰ ਨੂੰ ਮਿਲਾਣ ਤੋਂ ਬਾਅਦ ਫਿਰ ਉਸਦੇ ਸਾਹਮਣੇ ਵਾਲਾ ਅੱਠਵਾਂ ਘਰ ਮਿਲਾਂਦੇ ਹਨ, ਫਿਰ ਪੰਜਵਾਂ ਘਰ, ਫਿਰ ਸੋਲ੍ਹਵਾਂ ਘਰ ਮਿਲਾਂਦੇ ਹਨ । ਇਹਨਾਂ ਘਰਾਂ ਦਾ ਅਰਥ ਸਮਝਣ ਲਈ ਤਬਲੇ ਦੀ ਪੁੜੀ ਦੀ ਗੋਲਾਈ ਦੀ ਵੰਡ 16 ਭਾਗਾਂ ਵਿਚ ਕਰ ਲਓ । ਜਿਸ ਨੂੰ ਸਭ ਤੋਂ ਪਹਿਲਾਂ ਤੁਸੀਂ ਮਿਲਾ ਰਹੇ ਹੋ ਉਸਨੂੰ ਪਹਿਲਾ ਭਾਗ ਸਮਝੋ ਅਤੇ ਇਹੀ ਪਹਿਲਾ ਘਰ ਹੈ ।

ਤਬਲਾ ਵਜਾਉਣ ਤੋਂ ਪਹਿਲਾਂ ਗਾਇਕ ਜਾਂ ਵਾਦਕ ਦੇ ਸਵਰ ਨੂੰ ਜਾਣ ਲੈਣਾ ਜ਼ਰੂਰੀ ਹੈ । ਜੇ ਉਸਦੇ ਸਵਰ ਦੇ ਹਿਸਾਬ ਨਾਲ ਤਬਲਾ ਜ਼ਿਆਦਾ ਚੜ੍ਹਿਆ ਜਾਂ ਉਤਰਿਆ ਹੋਇਆ ਹੈ ਤਾਂ ਗੱਟਿਆਂ ਨੂੰ ਠੋਕਣਾ ਚਾਹੀਦਾ ਹੈ, ਨਹੀਂ ਤਾਂ ਥੋੜੇ ਜਿਹੇ ਫਰਕ ਲਈ ਚਾਟੀ ਦੇ ਨੇੜੇ ਦੇ ਗਜਰੇ ਤੇ ਸੱਟ ਮਾਰ ਕੇ ਹੀ ਮਿਲਾ ਲੈਣਾ ਚਾਹੀਦਾ ਹੈ । ਗਜਰੇ ਨੂੰ ਗਜਰੇ ਦੇ ਉਪਰ ਵੱਲੋਂ ਠੋਕਣ ਤੇ ਤਬਲੇ ਦਾ ਸਵਰ ਚੜ੍ਹਦਾ ਹੈ ਅਤੇ ਹੇਠਾਂ ਵੱਲੋਂ ਉਲਟੀ ਸੱਟ ਮਾਰਨ ਤੇ ਤਬਲੇ ਦਾ ਸਵਰ ਉਤਰਦਾ ਹੈ ।

### *ਤਬਲੇ ਦੇ ਦਸ ਵਰਣ*

**ਧਾ ਧਿਨ ਤਿੱਟ ਤਿਨ ਨ ਕ ਧੀ ਤਾ ਕਿਨ ਕੱਤ ਵਿਚਾਰ ।**
**ਤਬਲੇ ਦੇ ਮੁੱਖ 10 ਵਰਣ ਹਨ ਇਹਨਾਂ ਨੂੰ ਲੈਅ ਸੁਧਾਰ ।**

ਇਸ ਤਰ੍ਹਾਂ ਤਬਲੇ ਦੇ ਦਸ ਬੋਲ ਦੱਸੇ ਗਏ ਹਨ । ਇਹਨਾਂ ਬੋਲਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ :- ਸੱਜੇ ਹੱਥ ਦੇ ਬੋਲ, ਖੱਬੇ ਹੱਥ ਦੇ ਬੋਲ ਅਤੇ ਦੋਨਾਂ ਹੱਥਾਂ ਦੇ ਸਾਂਝੇ ਬੋਲ ।

**ਸੱਜੇ ਹੱਥ ਦੇ ਬੋਲ** :-ਨਾ, ਤਾ, ਤਿਰ ਕਿਟ, ਦਿਨ ਜਾਂ ਤੁਨ, ਤਿਨ ਆਦਿ

**ਖੱਬੇ ਹੱਥ ਦੇ ਬੋਲ** :-ਧਿ ਜਾਂ ਗ, ਕ, ਕੱਤ, ਕਿਨ ਆਦਿ

**ਦੋਹਾਂ ਹੱਥਾਂ ਦੇ ਸਾਂਝੇ ਬੋਲ** :-ਧਿੰਨ ਜਾਂ ਧਿਨ, ਧਾ, ਧਿੰਨਾ, ਦਿਨੱਕ, ਗਿੰਦੀ, ਕਿੜਨਗ, ਕ੍ਰਿਤਕ, ਤਰੱਕ, ਕੜਾਨ, ਤਾਨ, ਤਕਿਟ ਆਦਿ ।

ਭਾਵੇਂ ਇਹਨਾਂ ਤਿੰਨ ਪ੍ਰਕਾਰ ਦੇ ਬੋਲਾਂ ਵਿੱਚ ਸਾਰੇ ਅਜਿਹੇ ਬੋਲ ਆ ਗਏ ਹਨ ਜਿਹੜੇ ਉਪਰ ਦਿਤੇ 10 ਵਰਣਾਂ ਵਿੱਚ ਦੱਸੇ ਗਏ ਬੋਲਾਂ ਤੋਂ ਭਿੰਨ ਹਨ ਪਰ ਮੂਲ ਰੂਪ ਵਿਚ ਬੋਲ 10 ਹੀ ਹਨ । ਉਹਨਾਂ ਵਿਚ ਅੱਖਰਾਂ ਨੂੰ ਮਿਲਾ-ਜੁਲਾ ਕੇ ਅਧਿਕ ਬੋਲਾਂ ਦੀ ਉਤਪਤੀ ਹੋਈ ਹੈ ।

**ਤਬਲੇ ਦਾ ਮਹੱਤਵ** :- ਗਾਇਨ, ਵਾਦਨ ਅਤੇ ਨ੍ਰਿਤ ਦੀ ਸੰਗਤ ਕਰਨ ਲਈ ਅੱਜਕਲ੍ਹ ਜ਼ਿਆਦਾਤਰ ਤਬਲਾ ਹੀ ਪ੍ਰਚਲਤ ਹੈ । ਅੱਜਕਲ੍ਹ ਖਿਆਲ ਦੇ ਗਾਇਨ ਦਾ ਜ਼ਿਆਦਾ ਪ੍ਰਚਾਰ ਹੈ । ਇਸ ਨਾਲ ਸੰਗਤ ਕਰਨ ਲਈ ਤਬਲਾ ਹੀ ਢੁਕਵਾਂ ਸਾਜ਼ ਹੈ । ਪ੍ਰਾਚੀਨ ਕਾਲ ਵਿਚ ਧਰੁਪਦ ਧਮਾਰ ਦਾ ਬਹੁਤ ਮਹੱਤਵ ਹੁੰਦਾ ਸੀ, ਇਸ ਲਈ ਮ੍ਰਿਦੰਗ ਅਤੇ ਪਖਾਵਜ ਦਾ ਬਹੁਤਾ ਚਲਣ ਰਿਹਾ । ਅੱਜਕਲ੍ਹ ਤਬਲਾ ਤਾਲ ਸਾਜ਼ਾਂ ਵਿਚੋਂ ਸਭ ਤੋਂ ਅਧਿਕ ਮਹੱਤਵਪੂਰਨ ਹੈ । ਇਸ ਵਿਚ ਮ੍ਰਿਦੰਗ ਅਤੇ ਪਖਾਵਜ ਦੀਆਂ ਵਿਸ਼ੇਸ਼ਤਾਵਾਂ ਵੀ ਹਨ ਅਤੇ ਵਜਾਉਣ

ਵਿਚ ਆਸਾਨ ਵੀ ਹੈ । ਪਖਾਵਜ ਦੇ ਸਾਰੇ ਬੋਲ ਇਸ 'ਤੇ ਵੱਜ ਸਕਦੇ ਹਨ, ਜਦ ਕਿ ਪਖਾਵਜ ਤੇ ਤਬਲੇ ਦੀਆਂ ਲੱਗੀ-ਲੜੀ ਗਤਾਂ ਨਹੀਂ ਵਜਾਈਆਂ ਜਾ ਸਕਦੀਆਂ । ਸ਼ਾਸਤਰੀ ਸੰਗੀਤ ਦੇ ਅੰਤਰਗਤ ਖਿਆਲ ਧਮਾਰ ਧਰੁਪਦ ਆਦਿ ਸਾਰੀਆਂ ਗੀਤ ਸ਼ੈਲੀਆਂ ਨਾਲ ਇਹ ਵੱਜ ਸਕਦਾ ਹੈ । ਸੁਗਮ ਸੰਗੀਤ ਵਿਚ ਗਜ਼ਲ, ਗੀਤ, ਭਜਨ ਦੇ ਨਾਲ ਵੱਜਣ ਵਾਲੀਆਂ ਤਾਲਾਂ ਜਿਵੇਂ ਕਹਿਰਵਾ, ਰੂਪਕ, ਦਾਦਰਾ ਸਾਰੇ ਇਸ ਤੇ ਚੰਗੀ ਤਰ੍ਹਾਂ ਵੱਜ ਸਕਦੇ ਹਨ । ਅੱਜ ਤਬਲੇ ਦਾ ਪ੍ਰਚਾਰ ਵਧ ਰਿਹਾ ਹੈ, ਕਿਉਂਕਿ ਡੱਗੇ ਤੇ ਸ ਰੇ ਗ ਮ ਆਦਿ ਸੱਤੇ ਸਵਰ ਵਜਾਏ ਜਾ ਸਕਦੇ ਹਨ । ਇਸ ਤੇ ਬੋਲ ਵੀ ਸਾਫ ਅਤੇ ਸਪੱਸ਼ਟ ਵੱਜਦੇ ਹਨ । ਨ੍ਰਿਤ ਵਿਚ ਵੀ ਤਬਲਾ ਹੀ ਸਭ ਤੋਂ ਉਤਮ ਸੰਗਤ ਕਰਨ ਵਾਲਾ ਵਾਦਅ ਹੈ ।

*ਤਾਲ-ਮਾਤਰਾ-ਲੈਅ ਆਦਿ ਪਰਿਭਾਸ਼ਕ ਸ਼ਬਦ*

ਤਾਲ : ਜਿਸ ਆਧਾਰ ਤੇ ਗਾਇਨ, ਵਾਦਨ ਅਤੇ ਨ੍ਰਿਤ ਹੁੰਦਾ ਹੈ, ਉਸ ਦੀ ਕ੍ਰਿਆ ਦੇ ਨਾਪਣ ਨੂੰ ਤਾਲ ਕਹਿੰਦੇ ਹਨ । ਜਿਸ ਤਰ੍ਹਾਂ ਭਾਸ਼ਾ ਵਿਚ ਵਿਆਕਰਣ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਸੰਗੀਤ ਵਿਚ ਤਾਲ ਦੀ ਲੋੜ ਹੁੰਦੀ ਹੈ । ਗਾਣ, ਵਜਾਣ ਅਤੇ ਨੱਚਣ ਦੀ ਵਡਿਆਈ ਤਾਲ ਨਾਲ ਹੀ ਹੈ । ਅਸਲ ਵਿਚ ਤਾਲ ਹੀ ਸੰਗੀਤ ਦੀ ਜਿੰਦ ਜਾਨ ਹੈ । ਤਾਲ 'ਤੇ ਹੀ ਸੰਗੀਤ ਦੀ ਇਮਾਰਤ ਖੜ੍ਹੀ ਹੈ ।

ਮਾਤਰਾ : ਮਾਤਰਾ ਤਾਲ ਦਾ ਹੀ ਇਕ ਭਾਗ ਹੈ ਕਿਉਂਕਿ ਮਾਤਰਾਵਾਂ ਦੇ ਯੋਗ ਨਾਲ ਹੀ ਸਾਰੀਆਂ ਤਾਲਾਂ ਦੀ ਰਚਨਾ ਹੋਈ ਹੈ । ਇੱਕੋ ਜਿਹੀ ਲੈਅ ਅਤੇ ਤਾਲ ਵਿਚ ਗਿਣਤੀ ਗਿਣਨ ਨੂੰ ਮਾਤਰਾ ਕਹਿ ਸਕਦੇ ਹਾਂ । ਘੜੀ ਦੇ ਇਕ ਸੈਕਿੰਡ ਨੂੰ ਅਸੀਂ ਮਾਤਰਾ ਮੰਨ ਲਈਏ ਤਾਂ 16 ਸੈਕਿੰਡ ਵਿਚ ਤਿੰਨ ਤਾਲ ਦਾ ਠੇਕਾ ਬਣ ਜਾਵੇਗਾ । 12 ਸੈਕਿੰਡ ਵਿਚ ਇਕ ਤਾਲ ਦਾ ਠੇਕਾ ਬਣ ਜਾਵੇਗਾ ਅਤੇ 10 ਸੈਕਿੰਡ ਵਿਚ ਝੱਪਤਾਲ ਬਣ ਜਾਵੇਗੀ ਇਸੇ ਤਰ੍ਹਾਂ ਬਹੁਤ ਸਾਰੀਆਂ ਤਾਲਾਂ ਬਣੀਆਂ ਹਨ ।

ਲੈਅ : ਲੈਅ ਤਿੰਨ ਤਰ੍ਹਾਂ ਦੀ ਹੁੰਦੀ ਹੈ :- ਵਿਲੰਬਿਤ, ਮੱਧ ਅਤੇ ਦਰੁਤ ।

ਵਿਲੰਬਿਤ : ਬਹੁਤ ਧੀਮੀ ਲੈਅ ਨੂੰ ਵਿਲੰਬਿਤ ਲੈਅ ਕਹਿੰਦੇ ਹਨ ।

ਮੱਧ ਲੈਅ : ਨਾ ਅਧਿਕ ਤੇਜ਼ ਨਾ ਅਧਿਕ ਧੀਮੀ ਲੈਅ ਨੂੰ ਮੱਧ ਲੈਅ ਕਹਿੰਦੇ ਹਨ ।

ਦਰੁਤ ਲੈਅ : ਜਿਸ ਲੈਅ ਦੀ ਚਾਲ ਵਿਲੰਬਿਤ ਨਾਲੋਂ ਚੌਗਣੀ ਅਤੇ ਮੱਧ ਲੈਅ ਤੋਂ ਦੁਗਣੀ ਹੋਵੇ ਉਸ ਨੂੰ ਦਰੁਤ ਲੈਅ ਕਹਿੰਦੇ ਹਨ । ਜੇ ਇਕ ਮਿੰਟ ਵਿਚ 60 ਸੈਕਿੰਡ ਦੀ ਬਜਾਏ 120 ਗਿਣਾਂਗੇ ਤਾਂ ਇਹ ਨਿਸ਼ਚਿਤ ਹੈ ਕਿ ਗਿਣਤੀ ਦੀ ਚਾਲ ਤੇਜ਼ ਹੋ ਜਾਵੇਗੀ । ਇਸ ਲਈ ਦਰੁਤ ਦਾ ਅਰਥ ਹੈ ਤੇਜ਼ ।

ਠੇਕਾ : ਪ੍ਰਾਚੀਨ ਸ਼ਾਸਤਰ ਰਚੈਤਿਆਂ ਨੇ ਤਬਲੇ ਅਤੇ ਮਿਰਦੰਗ ਦੇ ਭਿੰਨ-ਭਿੰਨ ਬੋਲ ਉਸੇ ਭਾਸ਼ਾ ਵਿਚ ਬਣਾ ਦਿੱਤੇ ਜਿਹੋ ਜਿਹੀ ਤਾਲ ਸਾਜ਼ਾਂ ਤੋਂ ਪ੍ਰਗਟ ਹੁੰਦੀ ਸੀ । ਉਨ੍ਹਾਂ ਹੀ ਬੋਲਾਂ ਨੂੰ ਜਦ ਅਸੀਂ ਤਬਲੇ ਜਾਂ ਮਿਰਦੰਗ ਤੇ ਵਜਾਂਦੇ ਹਾਂ ਉਸ ਨੂੰ ਠੇਕਾ ਕਹਿੰਦੇ ਹਨ । ਠੇਕਾ ਇਕ ਹੀ ਆਵਿਰਤੀ ਦਾ ਹੁੰਦਾ ਹੈ ਜਿਸ ਵਿਚ ਮਾਤਰਾਵਾਂ ਨਿਸ਼ਚਿਤ ਹੁੰਦੀਆਂ ਹਨ । ਉਹਨਾਂ ਹੀ ਨਿਸ਼ਚਿਤ ਮਾਤਰਾਵਾਂ ਦੇ ਅਨੁਸਾਰ ਗਾਣ-ਵਜਾਣ ਦਾ ਮਾਪ ਹੁੰਦਾ ਹੈ । ਜਿਵੇਂ ਕਹਿਰਵਾ ਤਾਲ ਵਿਚ ਅੱਠ ਮਾਤਰਾਂ ਹੁੰਦੀਆਂ ਹਨ ਅਤੇ ਇਸ ਦੇ ਦੋ ਭਾਗ ਹੁੰਦੇ ਹਨ । ਹਰੇਕ ਭਾਗ ਵਿਚ 4-4 ਮਾਤਰਾਂ ਹਨ । ਪਹਿਲੀ ਮਾਤਰਾ ਤੇ ਸਮ ਅਤੇ ਪੰਜਵੀਂ ਤੇ ਖਾਲੀ ਹੈ । ਇਸ ਨੂੰ ਇਸ ਤਰ੍ਹਾਂ ਦਿਖਾ ਸਕਦੇ ਹਾਂ :

| | | | | | | | | |
|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 | 8 |
| ਠੇਕਾ | ਧਾ | ਗੇ | ਨਾ | ਤਿ | ਨਾ | ਕੇ | ਧਿ | ਨਾ |
| ਤਾਲ ਚਿੰਨ੍ਹ | x | | | | 0 | | | |

ਇਹ ਕਹਿਰਵਾ ਦਾ ਠੇਕਾ ਹੋਇਆ । ਇਸੇ ਤਰ੍ਹਾਂ ਦੂਜੀਆਂ ਤਾਲਾਂ ਦੇ ਠੇਕੇ ਹਨ ।

ਦੁਗੁਣ : ਕਿਸੇ ਠੇਕੇ ਨੂੰ ਜਦ ਦੁਗਣੀ ਲੈਅ ਵਿਚ ਵਜਾਇਆ ਜਾਵੇ, ਭਾਵ ਜਿੰਨੇ ਸਮੇਂ ਵਿਚ ਕੋਈ ਠੇਕਾ ਇਕ ਵਾਰ ਵਜਾਇਆ ਗਿਆ ਸੀ ਓਨੇ ਹੀ ਸਮੇਂ ਵਿਚ ਉਸ ਨੂੰ ਦੋ ਵਾਰ ਕਿਹਾ ਜਾਵੇ ਜਾਂ ਵਜਾਇਆ ਜਾਵੇ ਤਾਂ ਉਸ ਨੂੰ ਦੁਗੁਣ ਕਹਾਂਗੇ । ਇਸੇ ਤਰ੍ਹਾਂ ਗੀਤ ਦੀ ਸਥਾਈ ਜਾਂ ਅੰਤਰੇ ਨੂੰ ਜਿੰਨੇ ਸਮੇਂ ਵਿਚ ਇਕ ਵਾਰ ਗਾਇਆ ਜਾਵੇ ਠੀਕ ਉਤਨੇ ਹੀ ਸਮੇਂ ਵਿਚ ਉਸ ਨੂੰ ਦੋ ਵਾਰ ਗਾ ਦਿੱਤਾ ਜਾਵੇ ਤਾਂ ਉਹੀ ਦੁਗੁਣ ਅਖਵਾਏਗਾ ।

ਸਮ : ਇਹ ਤਾਲ ਦਾ ਉਹ ਸਥਾਨ ਹੈ ਜਿਥੋਂ

ਗਾਣਾ ਜਾਂ ਵਜਾਣਾ ਜਾਂ ਤਾਲ ਦਾ ਠੇਕਾ ਸ਼ੁਰੂ ਹੁੰਦਾ ਹੈ । ਗਾਇਕ ਵਾਦਕ ਅਜਿਹੇ ਸਥਾਨ ਤੇ ਸੰਗਤ ਕਰਦੇ ਹੋਏ ਜਦ ਮਿਲਦੇ ਹਨ ਤਾਂ ਇਕ ਖਾਸ ਤਰ੍ਹਾਂ ਦਾ ਆਨੰਦ ਆਉਂਦਾ ਹੈ ਅਤੇ ਸਰੋਤਿਆਂ ਦੇ ਮੂੰਹ ਵਿਚੋਂ ਅਚਨਚੇਤ ਹੀ 'ਆ' ਦੀ ਆਵਾਜ਼ ਨਿਕਲ ਜਾਂਦੀ ਹੈ ਜਾਂ ਉਹਨਾਂ ਦੇ ਸਰੀਰ ਦਾ ਅੰਗ ਹਿੱਲ ਜਾਂਦਾ ਹੈ । ਸਮ ਤੇ ਗਾਇਕ ਅਤੇ ਵਾਦਕ ਵਿਸ਼ੇਸ਼ ਜ਼ੋਰ ਦੇ ਕੇ ਉਸ ਦਾ ਪ੍ਰਦਰਸ਼ਨ ਕਰਦੇ ਹਨ । ਆਮ ਤੌਰ ਤੇ ਸਮ ਤੇ ਹੀ ਗਾਣ-ਵਜਾਣ ਦੀ ਸਮਾਪਤੀ ਵੀ ਹੁੰਦੀ ਹੈ । ਸਮ ਨੂੰ ਨਿਆਸ ਵੀ ਕਹਿੰਦੇ ਹਨ ।

**ਖਾਲੀ** : ਹਰੇਕ ਤਾਲ ਦੇ ਕੁਝ ਹਿੱਸੇ ਹੁੰਦੇ ਹਨ ਜਿਹਨਾਂ ਨੂੰ ਭਾਗ ਵੀ ਕਹਿੰਦੇ ਹਨ । ਇਹਨਾਂ ਭਾਗਾਂ ਤੇ ਜਿਥੇ ਹੱਥ ਨਾਲ ਤਾੜੀ ਮਾਰੀ ਜਾਂਦੀ ਹੈ ਤਾਂ ਉਹ ਭਰੀ ਅਖਵਾਉਂਦੀ ਹੈ । ਜਿਹਨਾਂ ਭਾਗਾਂ ਤੇ ਬੰਦ ਰਹਿੰਦੀ ਹੈ ਉਹ ਖਾਲੀ ਅਖਵਾਉਂਦੀ ਹੈ । ਤਾਲ ਵਿਚ ਖਾਲੀ ਭਾਗ ਇਸ ਲਈ ਰੱਖਦੇ ਹਨ ਕਿ ਸਮ ਦਾ ਅੰਦਾਜ਼ਾ ਠੀਕ ਤਰ੍ਹਾਂ ਲੱਗ ਜਾਂਦਾ ਹੈ । ਖਾਲੀ ਦੇ ਸਥਾਨ ਦਾ ਸੰਕੇਤ ਹੱਥ ਸੁੱਟ ਕੇ ਕੀਤਾ ਜਾਂਦਾ ਹੈ ਅਤੇ ਭਾਤਖੰਡੇ ਸਵਰ ਲਿਪੀ ਪੱਧਤੀ ਵਿਚ ਇਸ ਸਥਾਨ ਨੂੰ 0 ਨਾਲ ਦਰਸਾਉਂਦੇ ਹਨ ।

**ਭਰੀ** : ਤਾਲ ਦੇ ਜਿਹੜੇ ਹਿੱਸਿਆਂ ਵਿਚ ਤਾੜੀਆਂ ਵਜਾਈਆਂ ਜਾਂਦੀਆਂ ਹਨ ਉਹਨਾਂ ਨੂੰ ਭਰੀ ਜਾਂ ਤਾੜੀਆਂ ਦੇ ਸਥਾਨ ਕਹਿੰਦੇ ਹਨ । ਜਦੋਂ ਹੱਥ ਨਾਲ ਦਰਸਾਉਣੀ ਹੋਵੇ ਤਾਂ ਭਰੀ ਤਾਲ ਨੂੰ ਥਾਪ ਦੁਆਰਾ ਦਿਖਾਇਆ ਜਾਂਦਾ ਹੈ ।

**ਆਵ੍ਰਿਤੀ ਜਾਂ ਆਵਰਤਨ** : ਆਵ੍ਰਿਤੀ ਦਾ ਅਰਥ ਹੈ ਫੇਰਨਾ ; ਦੁਹਰਾਉਣਾ ਜਾਂ ਚੱਕਰ ਲਗਾਉਣਾ, ਜਿਸ ਤਾਲ ਨੂੰ ਸਮ ਤੋਂ ਲੈ ਕੇ ਸਮ ਤਕ ਜਿੰਨੀ ਵਾਰ ਦੁਹਰਾਇਆ ਜਾਵੇਗਾ, ਉਸ ਨੂੰ ਓਨੀ ਹੀ ਆਵ੍ਰਿਤੀ ਕਹਾਂਗੇ । ਕੁਝ ਲੋਕ ਇਸ ਨੂੰ ਆਵਰਤਨ ਜਾਂ ਆਵਰਤਕ ਵੀ ਕਹਿੰਦੇ ਹਨ ।

**ਬੋਲ** : ਤਬਲੇ ਜਾਂ ਮ੍ਰਿਦੰਗ ਤੇ ਵੱਜਣ ਵਾਲੇ ਅੱਖਰਾਂ ਤੋਂ ਜਿਹੜੇ ਸ਼ਬਦ ਬਣਦੇ ਹਨ ਉਹਨਾਂ ਨੂੰ ਬੋਲ ਕਹਿੰਦੇ ਹਨ ਜਿਵੇਂ ਕਿਟ ਧਿੰਨ ਕੜਾਨ ਧਿੜਾਨ ਧਾ ਆਦਿ ।

**ਵਿਭਾਗ** : ਹਰੇਕ ਤਾਲ ਦੀਆਂ ਕੁੱਲ ਮਾਤਰਾਵਾਂ ਦੇ ਜਦ ਛੋਟੇ-ਛੋਟੇ ਭਾਗ ਕਰ ਦਿੱਤੇ ਜਾਂਦੇ ਹਨ ਤਾਂ ਉਹਨਾਂ ਨੂੰ ਵਿਭਾਗ ਕਹਿੰਦੇ ਹਨ ਜਿਵੇਂ ਝੱਪਤਾਲ ਦੇ 2-3-2-3 ਮਾਤਰਾਵਾਂ ਦੇ ਚਾਰ ਵਿਭਾਗ ਹਨ । ਤਿੰਨ ਬੋਲਾਂ ਵਿਚ 4-4 ਮਾਤਰਾਵਾਂ ਦੇ ਚਾਰ ਵਿਭਾਗ ਹੋਏ ਅਤੇ ਕੁੱਲ ਮਾਤਰਾਵਾਂ 16 ਹੋਈਆਂ ਤਾਂ ਚਾਰ ਮਾਤਰਾਵਾਂ ਦੇ ਚਾਰ ਵਿਭਾਗ ਬਣੇ । ਹਰੇਕ ਵਿਭਾਗ ਸ਼ੁੱਧ ਹੋਣ ਤੇ ਤਾੜੀ ਜਾਂ ਖਾਲੀ ਦਾ ਬੋਧ ਕਰਵਾ ਜਾਂਦਾ ਹੈ ।

('ਸੰਗੀਤ ਸਿੱਖਿਆ' ਪੁਸਤਕ ਵਿੱਚੋਂ ਧੰਨਵਾਦ ਸਹਿਤ)

# ਤਾਲ ਰੂਪਕ

## ਉਸਤਾਦ ਸੁਰਜੀਤ ਸਿੰਘ

ਤਾਲ ਰੂਪਕ, ਮਾਤਰਾ ਸੱਤ, ਭਾਗ ਤਿੰਨ, ਇੱਕ ਚਾਰ ਛੇ ਤਾਲੀ ਕੁਝ ਕੁ ਵਿਦਵਾਨ ਪਹਿਲੀ ਮਾਤਰਾ ਪਰ ਖਾਲੀ ਮੰਨਦੇ ਹਨ ।

| | 1 | 2 | 3 | 4 | 5 | 6 | 7 |
|---|---|---|---|---|---|---|---|
| ਠੇਕਾ : | ਤੀ | ਤੀ | ਨਾ । | ਧੀਂ | ਨਾ । | ਧੀਂ | ਨਾ |
| | x | · | | 2 | | 3 | |

(ਉਠਾਨ)

ਤਾਕੇਟਿਟ ਤਾਕੇਟਿਟ ਤਿਟਤਿਟ ਕਿੜਧਾऽਕਿੜ ਧਾऽਕਿੜਤਕ ਤਾ । ਧਾਤਿਰਕਿੜਧਿ ਟਤਕਤ ਧਿੰ ੩ ।

### ਤਾਲ ਰੂਪਕ ਕਾਇਦਾ

x 2 3
ਧਾਤਿਰ ਕਿੜਧਿ ਟਤ । ਧਟ ਧਾਗੇ । ਤਿੰਨਾ ਕਿੰਨਾ

x 2 3
ਤਾਤਿਰ ਕਿੜਤਿ ਟਤ । ਧਟ ਧਾਗੇ । ਧਿੰਨਾ ਗਿਨਾ

x 2 3
ਪ:ਨੰ: 1 ਧਾਤਿਰ ਕਿੜਧਿ ਟਤ । ਧਟ ਧਾਗੇ । ਧਾ ਧਾ
ਧਾਤਿਰ ਕਿੜਧਿ ਟਤ ਧਟ ਧਾਗੇ ਤਿੰਨਾ ਕਿੰਨਾ
ਤਾਤਿਰ ਕਿੜਤਿ ਟਤ ਤਟ ਤਾਕੇ ਤਾ ਤਾ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ

x 2 3
ਪ:ਨੰ: 2 ਧਾਤਿਰ ਕਿੜਧਿ ਟਤ । ਧਾਤਿਰ ਕਿੜਧਿ । ਟਤ ਧਾ
ਧਾਤਿਰ ਕਿੜਧਿ ਟਤ । ਧਟ ਧਾਗੇ ਤਿੰਨਾ ਕਿੰਨਾ
ਤਾਤਿਰ ਕਿੜਤਿ ਟਤ ਤਾਤਿਰ ਕਿੜਤਿ ਟਤ ਤਾ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ

x 2 3
ਪ:ਨ:3 ਗਿਨਾ ਧਾਤਿਰ ਕਿੜਧਿ । ਟਤ ਧਾਤਿਰ । ਕਿੜਧਿ ਟਤ
ਧਾਤਿਰ ਕਿੜਧਿ ਟਤ ਧਟ ਧਾਗੇ ਤਿੰਨਾ ਕਿੰਨਾ
ਕਿੰਨਾ ਤਾਤਿਰ ਕਿੜਤਿ ਟਤ ਤਾਤਿਰ ਕਿੜਤਿ ਟਤ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ

x 2 3
ਪ:ਨ: 4 ਗਿਨਾ ਗਿਨਾ ਧਾਤਿਰ । ਕਿੜਧਿ ਟਤ । ਧਾ ਧਾ
ਧਾਤਿਰ ਕਿੜਧਿ ਟਤ ਧਟ ਧਾਗੇ ਤਿੰਨਾ ਕਿਨਾ
ਕਿਨਾ ਕਿਨਾ ਤਾਤਿਰ ਕਿੜਤਿ ਟਤ ਤਾ ਤਾ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ

x 2 3
ਪ:ਨ: 5 ਧਾਤਿਰ ਕਿੜਧਿ ਟਤ । ਧਾ ऽਧਿ । ਟਤ ਧਾ
ਧਾਤਿਰ ਕਿੜਧਿ ਟਤ ਧਟ ਧਾਗੇ ਤਿੰਨਾ ਕਿਨਾ
ਤਾਤਿਰ ਕਿੜਤਿ ਟਤ ਤਾ ऽਤਿ ਟਤ ਤਾ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ

x 2 3
ਪ:ਨ: 6 ਧਿਟ ਤਧਾ ਤਿਰਕਿੜ । ਧਿਟ ਤਧਾ । ਤਿਰਕਿੜ ਧਾ
ਧਾਤਿਰ ਕਿੜਧਿ ਟਤ ਧਟ ਧਾਗੇ ਤਿੰਨਾ ਕਿੰਨਾ
ਤਿਟ ਤਤਾ ਤਿਰਕਿੜ ਤਿਟ ਤਤਾ ਤਿਰਕਿੜ ਤਾ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ

x 2 3
ਪ:ਨ: 7 ਧਿਟ ਤਧਿ ਟਤ । ਧਾਤਿਰ ਕਿੜਧਿ । ਟਤ ਗਿਨਾ
ਧਾਤਿਰ ਕਿੜਧਿ ਟਤ ਧਟ ਧਾਗੇ ਤਿੰਨਾ ਕਿਨਾ
ਤਿਟ ਤਤਿ ਟਤ ਤਾਤਿਰ ਕਿੜਤਿ ਟਤ ਕਿਨਾ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ

x 2 3
ਲੱਗਰ : ਧਾਤਿਰ ਕਿੜਧਿ ਟਤ । ਧਟ ਧਾਗੇ । ਧਿੰਨਾ ਗਿਨਾ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ
ਤਾਤਿਰ ਕਿੜਤਿ ਟਤ ਤਟ ਤਾਕੇ ਤਿੰਨਾ ਕਿੰਨਾ
ਧਾਤਿਰ ਕਿੜਧਿ ਟਤ ਧਟ ਧਾਗੇ ਧਿੰਨਾ ਗਿਨਾ

ਤਿਹਾਈ : ਧਾਤਿਰ ਕਿੜਧਿ ਟਤ ਗਿਨਾ ਧਟ
ਧਾਗੇ ਧਿੰਨਾ ਗਿਨਾ ਧਾ ऽ ੩।

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮੰ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ s | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ । |
| ਮ$_{ਪ}$ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| **XO 123** | **X** ਸਮ, **O** ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਸੁਰ ਲਿਪੀ

■ ਪ੍ਰੋ: ਤਾਰਾ ਸਿੰਘ

## *ਰਾਗ ਗਉੜੀ (ਭੈਰਵ ਥਾਟ)*

ਵਾਦੀ : ਮਧਿਅਮ  ਸੰਵਾਦੀ : ਸ਼ੜਜ

ਜਾਤੀ : ਵਕਰ-ਸੰਪੂਰਣ  ਸਮਾਂ : ਦਿਨ ਦਾ ਚੌਥਾ ਪਹਿਰ

(ਸ਼ਾਮ 3 ਵਜੇ ਤੋਂ 6 ਵਜੇ ਤਕ)

ਆਰੋਹ : ਸਾ ਰੁੇ ਗ ਰੁੇ, ਗ ਮ ਪ, ਮ ਪ ਧੁ ਨੀ ਸਾਂ

ਅਵਰੋਹ : ਸਾਂ ਨੀ ਧੁ ਪ, ਧੁ ਪ ਮ, ਰੁੇ ਗ ਰੁੇ ਗ, ਰੁੇ ਸਾ, ਰੇ ਨੀ ਸਾ

ਮੁੱਖ-ਅੰਗ : ਸਾ ਧੁ ਪ, ਧੁ ਪ ਮ ਪ ਗ ਮ, ਗ ਰੁੇ ਗ ਰੁੇ ਸਾ ਰੁੇ ਨੀ ਸਾ

### ਰਾਗ ਗਉੜੀ ਤਿੰਨ ਤਾਲ

| | x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|---|
| ਸਥਾਈ :- | | | | | | | | | ਸਾ | ਧੁ | ਪ | ਮ | ਗਮ | ਪਮ | ਗਰੁੇ | ਗਰੁੇ |
| | | | | | | | | | ਸਾ | s | ਧੋ | s | ਗੋs | ss | ਬਿੰ | ਦ |
| | ਸਾ | - | ਰੁੇ | ਨੀ | ਸਾ | - | ਸਾ | - | ਨੀਸਾ | ਗਗ | ਰੁੇ | ਸਾ | ਨੀਸਾ | ਗਮ | ਮ | ਮ |
| | ਕੇ | s | ਗੁ | ਨ | ਗਾ | s | ਵਉ | s | ਮਾs | ss | ਨ | ਸ | ਜs | ਨs | ਮੁ | ਅ |
| | ਗੁs | ਪਧੁ | ਪ | ਧੁ | ਮਪ | ਧੁਪ | ਮਮ | ਰੁੇਗ | ਗ | ਮ | ਪ | ਧੁ | ਪਧੁ | ਨੀਸਾਂ | ਨੀ | ਸਾਂ |
| | ਮੋs | ss | ਲ | ਕ | ਪਾs | ss | ਇਉ | ss | ਬਿ | ਰ | ਥਾ | s | ਕਾs | ss | ਹਿ | ਗ |
| | ਧੁਨੀ | ਸਾਂਨੀ | ਧੁ | ਪ | ਮਪ | ਧੁਪ | ਮਮ | ਰੁੇਗ | ਮ | ਧੁ | ਪ | ਮ | ਗਮ | ਪਮ | ਗਰੁੇ | ਗਰੁੇ |
| | ਵਾs | ss | s | s | ਵਉs | ss | ss | ss | ਸਾ | s | ਧੋ | s | ਗੋs | ss | ਬਿੰ | ਦ |
| | ਸਾ | - | ਰੁੇ | ਨੀ | ਸਾ | - | ਸਾ | - | | | | | | | | |
| | ਕੇ | s | ਗੁ | ਨ | ਗਾ | s | ਵਉ | s | | | | | | | | |
| ਅੰਤਰਾ :- | | | | | | | | | ਗ | ਮ | ਪ | ਧੁ | ਪਧੁ | ਨੀਸਾਂ | ਨੀ | ਨੀ |
| | | | | | | | | | ਪ | ਤਿ | ਤ | ਪੁ | ਨੀs | ss | s | ਤ |
| | ਸਾਂ | - | ਨੀ | ਸਾਂ | - | ਨੀ | ਸਾਂ | ਸਾਂ | ਸਾਂ | ਰੁੇਂ | ਨੀ | ਸਾਂ | ਨੀਸਾਂ | ਗਂ | ਰੁੇਂ | ਸਾਂ |
| | ਦੀ | s | ਨ | ਬੰ | s | ਧੁ | ਹ | ਰਿ | ਸ | ਰ | ਨਿ | ਤਾ | ਹਿs | s | ਤੁ | ਮ |
| | ਸਾਂਰੁੇ | ਨੀਸਾਂ | ਨੀ | ਧੁ | ਨੀ | - | ਧੁ | ਪ | ਪ | ਧੁ | ਮ | - | ਪਧੁ | ਨੀਸਾਂ | ਨੀਧੁ | ਪਧੁ |
| | ਆs | ss | s | s | ਵਉ | s | s | s | ਗ | ਜ | ਕੋ | s | ਤ੍ਰਾs | ss | ਸs | ਮਿs |
| | ਮ | - | ਗ | ਰੁੇ | ਗ | ਗ | ਗ | ਗ | ਗਨੀ | ਧੁਨੀ | ਪ | ਧੁ | ਮਪ | ਧੁਪ | ਮ | ਗ |
| | ਟਿਓ | s | ਜਿ | ਹ | ਸਿ | ਮ | ਰ | ਤ | ਤੁs | ਮs | ਕਾ | s | ਹੇs | ss | ਬਿ | ਸ |
| | ਮ | - | - | - | ਗਰੁੇ | ਗਰੁੇ | ਸਾਰੁੇ | ਸਾਨੀ | | | | | | | | |
| | ਰਾ | s | s | s | ਵਉ | ss | ss | ss | | | | | | | | |

ਸ਼ਬਦ ਦੀਆਂ ਬਾਕੀ ਤੁਕਾਂ ਇਸੇ ਅੰਤਰੇ ਅਨੁਸਾਰ ਗਾਓ

# ਸੁਰ ਲਿਪੀ

*ਰਾਗ ਆਸਾ*

■ ਸੰਤ ਸਰਵਣ ਸਿੰਘ 'ਗੰਧਰਵ'
(ਡੁਮੇਲੀ ਵਾਲੇ )

ਵਾਦੀ :- ਮਧਿਅਮ
ਸੰਵਾਦੀ :- ਸ਼ਡਜ
ਜਾਤੀ :- ਔਡਵ-ਸੰਪੂਰਨ
ਸਮਾਂ :- ਸਵੇਰ ਸ਼ਾਮ
ਆਰੋਹ :- ਸਾ, ਰੇ ਮ, ਪ, ਧ ਸਾਂ
ਅਵਰੋਹ :- ਸਾਂ ਨੀ ਧ, ਪ ਮ, ਗ ਰੇ, ਸਾ ਗ, ਰੇ ਗ ਸਾ
ਮੁਖ ਅੰਗ :- ਸਾ, ਰੇ ਮ ਪ ਧ, ਪ ਮ ਗ ਰੇ, ਸਾ ਗ, ਰੇ ਗ ਸਾ ।

## ਤਾਲ ਕਹਿਰਵਾ

### ਸਥਾਈ

| ਮਾਤਰੇ | 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾ | ਸਾ | ਸਾ | ਸਾ | ਸਾ | ਸਾ | ਸਾ | ਸਾ | ਨ਼ੀ | ਰੇ | ਸਾ | ਨ਼ੀ | ਧ਼ | ਨ਼ੀ | ਧ | - |
| ਸ਼ਬਦ | ਸੁ | ਨਿ | ਸੁ | ਨਿ | ਜੀ | s | ਵਾ | s | ਸੋ | s | ਇ | ਤੁ | ਮਾ | s | ਰੀ | s |
| ਸਰਗਮ | ਧ਼ | ਧ਼ | ਨ਼ੀ | ਨ਼ੀ | ਰੇ | ਗ | ਰੇਗ | ਮ | ਗ | ਰੇ | ਗ | ਰੇ | ਸਾ | ਸਾ | ਸਾ | ਸਾ |
| ਸ਼ਬਦ | ਮੋ | ਹਿ | ਨਿ | ਰ | ਗੁ | ਣ | ਕਉ | s | ਲੇ | s | ਹੁ | ਉ | ਧਾ | s | ਰੀ | s |
| | | | | | | | **ਅੰਤਰਾ** | | | | | | | | | |
| ਸਰਗਮ | ਸਾ | ਸਾ | ਮ | ਮ | ਮ | ਮ | ਮ | ਗ | ਮ | ਪ | ਪ | ਪ | ਪ | - | ਪ | ਮ |
| ਸ਼ਬਦ | ਜ | ਉ | ਸੁ | ਪ੍ਰ | ਸੰ | s | ਨ | s | ਹੋ | ਇਓ | ਪ੍ਰ | ਭੁ | ਮੇ | s | ਰਾ | s |
| ਸਰਗਮ | ਮ | ਧ | ਧ | ਧ | ਧ | ਪ | ਪ | ਮ | ਮ | ਪ | ਪ | - | ਪ | - | ਪ | - |
| ਸ਼ਬਦ | ਤਾਂ | s | ਦੂ | ਖੁ | ਭ | ਰ | ਮੁ | ਕ | ਹੁ | - | ਕੈ | ਸੇ | ਨੇ | s | ਰਾ | s |
| ਤਾਲ ਚਿੰਨ੍ਹ | x | | | | 0 | | | | x | | | | 0 | | | |

ਨੋਟ :- ਬਾਕੀ ਅੰਤਰੇ ਇਨ੍ਹਾਂ ਸੁਰਾਂ ਤੇ ਹੀ ਪੜ੍ਹੇ ਜਾਣਗੇ ।

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਪ੍ਰੋ. ਸਾਹਿਬ ਸਿੰਘ

ਗਉੜੀ ਮਹਲਾ ੯॥

ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥ ੧॥ ਰਹਾਉ ॥
ਪਤਿਤ ਪੁਨੀਤ ਦੀਨ ਬੰਧੁ ਹਰਿ ਸਰਨਿ ਤਾਹਿ ਤੁਮ ਆਵਉ॥
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥ ੧ ॥
ਤਜਿ ਅਭਿਮਾਨੁ ਮੋਹੁ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕੁ ਕਹਤੁ ਮੁਕਤਿ ਪੰਥੁ ਇਹੁ ਗੁਰਮੁਖਿ ਹੋਇ ਤੁਮ ਪਾਵਉ॥ ੨ ॥ ੫ ॥ ਪੰਨਾ ੨੧੯

ਅਰਥ :- ਹੇ ਸੰਤ ਜਨੋ ! (ਸਦਾ) ਗੋਬਿੰਦ ਦੇ ਗੁਣ ਗਾਂਦੇ ਰਿਹਾ ਕਰੋ । ਇਹ ਬੜਾ ਕੀਮਤੀ ਮਨੁੱਖਾ ਜਨਮ ਮਿਲਿਆ ਹੈ, ਇਸ ਨੂੰ ਅਜਾਈਂ ਕਿਉਂ ਗਵਾਂਦੇ ਹੋ ? ੧ । ਰਹਾਉ ।

(ਹੇ ਸੰਤ ਜਨੋ !) ਪਰਮਾਤਮਾ ਉਹਨਾਂ ਬੰਦਿਆ ਨੂੰ ਭੀ ਪਵਿੱਤਰ ਕਰਨ ਵਾਲਾ ਹੈ ਜੇਹੜੇ ਵਿਕਾਰਾਂ ਵਿਚ ਡਿੱਗੇ ਹੋਏ ਹਨ, ਉਹ ਹਰੀ ਗਰੀਬਾਂ ਦਾ ਸਹਾਈ ਹੈ । ਤੁਸੀਂ ਭੀ ਉਸੇ ਦੀ ਸਰਨ ਪਵੋ। ਜਿਸ ਦਾ ਸਿਮਰਨ ਕਰ ਕੇ ਗਜ ਦਾ ਡਰ ਮਿਟ ਗਿਆ ਸੀ, ਤੁਸੀਂ ਉਸ ਨੂੰ ਕਿਉਂ ਭੁਲਾ ਰਹੇ ਹੋ ? ੧ ।

(ਹੇ ਸੰਤ ਜਨੋ !) ਅਹੰਕਾਰ ਦੂਰ ਕਰ ਕੇ ਅਤੇ ਮਾਇਆ ਦਾ ਮੋਹ ਦੂਰ ਕਰ ਕੇ ਆਪਣਾ ਚਿੱਤ ਪਰਮਾਤਮਾ ਦੇ ਭਜਨ ਵਿਚ ਜੋੜੀ ਰੱਖੋ । ਨਾਨਕ ਆਖਦਾ ਹੈ-ਵਿਕਾਰਾਂ ਤੋਂ ਖਲਾਸੀ ਪ੍ਰਾਪਤ ਕਰਨ ਦਾ ਇਹੀ ਰਸਤਾ ਹੈ, ਪਰ ਗੁਰੂ ਦੀ ਸ਼ਰਨ ਪੈ ਕੇ ਹੀ ਤੁਸੀਂ ਇਹ ਰਸਤਾ ਲੱਭ ਸਕੋਗੇ । ੨ । ੫ ।

ਆਸਾ ਮਹਲਾ ੫

ਜਉ ਸੁ ਪ੍ਰਸੰਨ ਹੋਇਓ ਪ੍ਰਭੁ ਮੇਰਾ ॥
ਤਾਂ ਦੂਖੁ ਭਰਮੁ ਕਹੁ ਕੈਸੇ ਨੇਰਾ ॥੧॥
ਸੁਨਿ ਸੁਨਿ ਜੀਵਾ ਸੋਇ ਤੁਮ੍ਹਾਰੀ ॥
ਮੋਹਿ ਨਿਰਗੁਨ ਕਉ ਲੇਹੁ ਉਧਾਰੀ ॥੧॥ਰਹਾਉ ॥
ਮਿਟਿ ਗਇਆ ਦੂਖੁ ਬਿਸਾਰੀ ਚਿੰਤਾ ॥
ਫਲੁ ਪਾਇਆ ਜਪਿ ਸਤਿਗੁਰ ਮੰਤਾ ॥੨॥
ਸੋਈ ਸਤਿ ਸਤਿ ਹੈ ਸੋਇ ॥
ਸਿਮਰਿ ਸਿਮਰਿ ਰਖੁ ਕੰਠਿ ਪਰੋਇ ॥੩॥
ਕਹੁ ਨਾਨਕ ਕਉਨ ਉਹ ਕਰਮਾ ॥
ਜਾਕੈ ਮਨਿ ਵਸਿਆ ਹਰਿ ਨਾਮਾ ॥੪॥
ਪੰਨਾ ੩੯੮

ਅਰਥ :- (ਹੇ ਮੇਰੇ ਪ੍ਰਭੂ !) ਤੇਰੀ ਸੋਭਾ (ਵਡਿਆਈ) ਸੁਣ ਸੁਣ ਕੇ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੁੰਦਾ ਹੈ । (ਹੇ ਮੇਰੇ ਪ੍ਰਭੂ ! ਮੇਹਰ ਕਰ) ਮੈਨੂੰ ਗੁਣ-ਹੀਨ ਨੂੰ (ਦੁੱਖਾਂ-ਭਰਮਾਂ ਤੋਂ) ਬਚਾਈ ਰੱਖ । ੧ । ਰਹਾਓ ।

(ਹੇ ਭਾਈ !) ਜਦੋਂ ਮੇਰਾ ਪ੍ਰਭੂ (ਕਿਸੇ ਮਨੁੱਖ ਉਤੇ) ਬਹੁਤ ਪ੍ਰਸੰਨ ਹੁੰਦਾ ਹੈ ਤਦੋਂ ਦੱਸੋ, ਕੋਈ ਦੁਖ ਭਰਮ ਉਸ ਮਨੁੱਖ ਦੇ ਨੇੜੇ ਕਿਵੇਂ ਆ ਸਕਦਾ ਹੈ ? ੧ ।

(ਹੇ ਭਾਈ !) ਸਤਿਗੁਰੂ ਦੀ ਬਾਣੀ ਜਪ ਕੇ ਮੈਂ ਇਹ ਫਲ ਪ੍ਰਾਪਤ ਕਰ ਲਿਆ ਹੈ ਕਿ (ਮੇਰੇ) ਅੰਦਰੋਂ ਹਰੇਕ ਕਿਸਮ ਦਾ ਦੁਖ ਦੂਰ ਹੋ ਗਿਆ ਹੈ, ਮੈਂ (ਹਰੇਕ ਕਿਸਮ ਦੀ) ਚਿੰਤਾ ਭੁਲਾ ਦਿੱਤੀ ਹੈ । ੨ ।

(ਹੇ ਭਾਈ !) ਉਹ ਪਰਮਾਤਮਾ ਹੀ ਸਦਾ ਕਾਇਮ ਰਹਿਣ ਵਾਲਾ ਹੈ, ਉਹ ਪਰਮਾਤਮਾ ਹੀ ਸਦਾ ਸਥਿਰ ਰਹਿਣ ਵਾਲਾ ਹੈ, ਉਸ ਨੂੰ ਸਦਾ ਸਿਮਰਦਾ ਰਹੁ ਉਸ (ਦੇ ਨਾਮ) ਨੂੰ ਆਪਣੇ ਗਲੇ ਵਿਚ ਪਰੋ ਕੇ ਰੱਖ (ਜਿਵੇਂ ਫੁੱਲਾਂ ਦਾ ਹਾਰ ਪਰੋ ਕੇ ਗਲ ਵਿਚ ਪਾਈਦਾ ਹੈ) । ੩ ।

ਹੇ ਨਾਨਕ ! ਆਖ -ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦਾ ਨਾਮ ਵੱਸੇ, ਹੋਰ ਉਹ ਕੇਹੜਾ (ਮਿਥਿਆ ਹੋਇਆ ਧਾਰਮਿਕ) ਕੰਮ ਰਹਿ ਜਾਂਦਾ ਹੈ ਜੇਹੜਾ ਉਸ ਨੂੰ ਕਰਨਾ ਚਾਹੀਦਾ ਹੈ । ੪ । ੨੧ । ੭੨ ।